A1 Roofing & Siding Ltd.
- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094
Harwinder 403-402-5615

The Punjabi Newspaper

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 13 No: 298 Website : www.punjabiakhbaar.ca Email: editor@punjabiakhbaar.ca Friday, 21 August 2026

# ਪਾਣੀ ਦੀ ਰਾਇਲਟੀ

## ਪੰਜਾਬ ਵੱਲੋਂ ਰਾਜਸਥਾਨ ਨੂੰ ਚਿਤਾਵਨੀ ਪੱਤਰ

ਚਰਨਜੀਤ ਭੁੱਲਰ

----------------



ਚੰਡੀਗੜ੍ਹ : ਪੰਜਾਬ ਸਰਕਾਰ ਨੇ ਰਾਜਸਥਾਨ ਤੋਂ ਪਾਣੀ ਦੀ ਰਾਇਲਟੀ ਦੇ 1.44 ਲੱਖ ਕਰੋੜ ਰੁਪਏ ਦੇ ਬਕਾਏ ਵਸੂਲਣ ਲਈ ਅੰਤਿਮ ਚਿਤਾਵਨੀ ਪੱਤਰ ਜਾਰੀ ਕਰ ਦਿੱਤਾ ਹੈ। ਰਾਜਸਥਾਨ ਸਰਕਾਰ ਨੇ ਕੋਈ ਹੁੰਗਾਰਾ ਨਾ ਭਰਿਆ ਤਾਂ ਪੰਜਾਬ ਸਰਕਾਰ ਪਾਣੀ ਦੀ ਰਾਇਲਟੀ ਦੀ ਵਸੂਲੀ ਲਈ ਕਾਨੂੰਨੀ ਪ੍ਰਕਿਰਿਆ ਅਖ਼ਤਿਆਰ ਕਰਨ ਦੇ ਰਾਹ ਪਵੇਗੀ। ਇਸ ਦੌਰਾਨ ਪੰਜਾਬ ਦੇ ਮੁੱਖ ਸਕੱਤਰ ਨੇ ਹਰਿਆਣਾ ਸਰਕਾਰ ਨੂੰ ਵੀ ਪੱਤਰ ਲਿਖ ਕੇ ਭਾਖੜਾ ਨਹਿਰ ਦੀ ਸਾਂਭ-ਸੰਭਾਲ ਦੇ 312.59 ਕਰੋੜ ਰੁਪਏ ਦੇ ਬਕਾਏ ਦੇਣ ਲਈ ਕਿਹਾ ਹੈ। ਪੰਜਾਬ ਸਰਕਾਰ ਗੁਆਂਢੀ ਸੂਬਿਆਂ ਤੋਂ ਵਸੂਲੀ ਲਈ ਹੁਣ ਸਖ਼ਤੀ ਦੇ ਰਾਹ ਪਈ ਹੈ। ਪੰਜਾਬ ਦੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਰਾਜਸਥਾਨ ਸਰਕਾਰ ਨੂੰ ਹੁਣ ਅੰਤਿਮ ਪੱਤਰ ਭੇਜ ਕੇ 1961 ਤੋਂ 2025 ਤੱਕ ਦੀ ਪਾਣੀ ਦੀ ਰਾਇਲਟੀ ਦੇ ਬਦਲੇ 1,44,083 ਕਰੋੜ ਰੁਪਏ ਦੀ ਅਦਾਇਗੀ ਕਰਨ ਲਈ ਕਿਹਾ ਹੈ।

ਪੰਜਾਬ ਸਰਕਾਰ ਨੇ ਇਸ ਪੱਤਰ ਰਾਹੀਂ ਰਾਜਸਥਾਨ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਰਾਜਸਥਾਨ ਸਰਕਾਰ 30 ਦਿਨਾਂ ਦੇ ਅੰਦਰ ਪੱਤਰ ਦਾ ਜਵਾਬ ਅਤੇ ਬਕਾਇਆ ਰਕਮ ਦੇਣ ’ਚ ਅਸਫਲ ਰਹਿੰਦੀ ਹੈ ਤਾਂ ਪੰਜਾਬ ਸਰਕਾਰ ਅਦਾਲਤੀ ਅਤੇ ਸੰਵਿਧਾਨਕ ਕਾਰਵਾਈ ਸ਼ੁਰੂ ਕਰੇਗੀ। ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਇਸੇ ਸਾਲ 18 ਮਾਰਚ ਅਤੇ 4 ਮਈ ਨੂੰ ਰਾਜਸਥਾਨ ਸਰਕਾਰ ਨੂੰ ਪੱਤਰ ਲਿਖੇ ਸਨ, ਜਿਨ੍ਹਾਂ ਦਾ ਰਾਜਸਥਾਨ ਨੇ ਕੋਈ ਜਵਾਬ ਨਹੀਂ ਦਿੱਤਾ। ਦੱਸਣਯੋਗ ਹੈ ਕਿ ਬਰਤਾਨਵੀ ਹਕੂਮਤ ਵੇਲੇ ਸ਼ਿਮਲਾ ਵਿੱਚ 4 ਸਤੰਬਰ 1920 ਨੂੰ ਮਹਾਰਾਜਾ ਆਫ

ਬਾਕੀ ਸਫ਼ਾ 23 ’ਤੇ

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ

ਮਰੀਜ਼ ਲਈ ਕੋਈ ਖਰਚਾ ਨਹੀਂ
ਏਐਚਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
- Licensed Insolvency Trustees
- Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM
Dominion Lending Centres

Sunder Building Supplies Ltd.
We believe in quality
- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
3875 - 108th Avenue NE Calgary.

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

HARMONY®

# HARBOUR

## ਜਿੱਥੇ ਹਰ ਮੌਸਮ ਘਰ ਵਰਗਾ ਲੱਗਦਾ ਹੈ



ਸਹਿਰੀ ਰਹਿਣ ਸਹਿਣ ਵਿੱਚ ਵੱਡੀਆਂ ਲਾਟਾਂ,ਜੋ ਤੁਹਾਨੂੰ ਹੋਰ ਕਿਧਰੇ ਨਹੀਂ ਮਿਲਦੀਆਂ

ਹਰ ਮੌਸਮ ਲਈ ਸਥਾਪਿਤ ਸਹੂਲਤਾਂ ਅਤੇ ਗਤੀਵਿਧੀਆਂ

2027 ਵਿੱਚ ਖੁੱਲੇਗਾ ਨਵਾਂ ਹਾਰਮਨੀ ਹਾਰਬਰ ਬੀਚ

ਲੇਕ ਅਤੇ ਬੀਚ.ਗੋਲਫ.ਭਵਿੱਖੀ ਨੌਰਡਿਕ ਸਪਾ.ਸਕੇਟਿੰਗ ਰਿੰਕ.ਖੇਡ ਮੈਦਾਨ ਅਤੇ ਪਾਰਕ

**$500 ਦੇ ਮੱਧ ਤੋਂ ਸ਼ੁਰੂ ਹੋਣ ਵਾਲੀ ਕਿਫਾਇਤੀ ਝੀਲ ਦੀ ਰਿਹਾਇਸ਼**

liveinharmony.ca/
harmonyharbour

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 298 Website : www.punjabiakhbaar.ca Email: editor@punjabiakhbaar.ca Friday, 21 August 2026

# ਵਰਕ ਪਰਮਿਟ ਮੰਗ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਰਨੇ ਉੱਪਰ ਸੀ ਬੀ ਐਸ ਏ ਨੇ ਛਾਪਾ ਮਾਰਕੇ ਧਰਨਾ ਚੁੱਕਵਾਇਆ

## 20 ਲੋਕਾਂ ਦੇ ਇਮੀਗ੍ਰੇਸ਼ਨ ਸਟੇਟਸ ਦੀ ਜਾਂਚ ਕੀਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਬੀਤੀ 24 ਜੁਲਾਈ ਤੋਂ ਵਰਕ ਪਰਮਿਟ ਦੀ ਮੰਗ ਕਰਦਿਆਂ ਅੰਤਰਰਾਸ਼ਟਰੀ ਵਿਦਿਆਰਥਿਆਂ ਦੇ ਧਰਨੇ ਉੱਪਰ ਮਾਰੇ ਛਾਪੇ ਦੌਰਾਨ 12 ਵਿਦਿਆਰਥੀਆਂ ਨੂੰ ਕੈਨੇਡਾ ਵਿੱਚ "ਸੰਭਵ ਤੌਰ 'ਤੇ ਦਾਖ਼ਲੇ ਲਈ ਅਯੋਗ" ਵੱਜੋਂ ਨਾਮਜਦ ਕੀਤਾ ਗਿਆ ਹੈ,ਜਿਸ ਤਹਿਤ ਇਨ੍ਹਾਂ ਲੋਕਾਂ ਨੂੰ ਕੈਨੇਡਾ ਛੱਡਣ ਲਈ ਮਜਬੂਰ ਵੀ ਕੀਤਾ ਜਾ ਸਕਦਾ ਹੈ।



ਕੈਲਗਰੀ ਵਿਖੇ ਧਰਨੇ ਉੱਪਰ ਪ੍ਰੈਸ ਮਿਲਣੀ ਮੌਕੇ ਵਰਕ ਪਰਮਿਟ ਦੀ ਮੰਗ ਕਰਦੇ ਅੰਤਰਰਾਸਟਰੀ ਵਿਦਿਆਰਥੀ

ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਕੈਲਗਰੀ ਪੁਲਿਸ ਦੇ ਸੱਦੇ ਉੱਪਰ ਆਪਣੇ ਅਧਿਕਾਰੀਆਂ ਨੂੰ ਪ੍ਰਦਰਸ਼ਨ ਵਾਲੀ ਥਾਂ 'ਤੇ ਭੇਜਿਆ ਗਿਆ ਸੀ ਤਾਂ ਜੋ ਉੱਥੇ ਮੌਜੂਦ ਲੋਕਾਂ ਦੇ ਇਮੀਗ੍ਰੇਸ਼ਨ ਸਟੇਟਸ ਦੀ ਜਾਂਚ ਕੀਤੀ ਜਾ ਸਕੇ। ਕੈਨੇਡਾ ਬਾਰਡਰ ਸਰਵਿਸੇਜ਼ ਏਜੰਸੀ ਦੇ ਬੁਲਾਰੇ ਮੁਤਾਬਕ ਅਧਿਕਾਰੀਆਂ ਨੇ ਉੱਥੇ ਮੌਜੂਦ 20 ਲੋਕਾਂ ਦਾ ਇਮੀਗ੍ਰੇਸ਼ਨ ਸਟੇਟਸ ਚੈੱਕ ਕੀਤਾ। ਇਨ੍ਹਾਂ ਵਿੱਚੋਂ 12 ਲੋਕਾਂ ਨੂੰ ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ ਤਹਿਤ ਸੰਭਵ ਤੌਰ 'ਤੇ ਅਯੋਗ ਪਾਇਆ ਗਿਆ। ਇਨ੍ਹਾਂ ਵਿਦਿਆਰਥੀਆਂ ਨੂੰ ਉਸੇ ਦਿਨ ਬਾਅਦ ਵਿੱਚ ਫਾਲੋ-ਅੱਪ ਇੰਟਰਵਿਊ ਲਈ ਸੀ ਬੀ ਐਸ ਏ ਦੇ ਦਫ਼ਤਰ ਆਉਣ ਲਈ ਕਿਹਾ ਗਿਆ। ਕਈ ਹਫ਼ਤਿਆਂ ਤੋਂ ਪੜ੍ਹਾਈ ਪੂਰੀ ਕਰ ਚੁੱਕੇ ਇਹ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਉਨ੍ਹਾਂ ਦੇ ਸਮਰਥਕ ਵਰਕ ਪਰਮਿਟ ਨਾਲ ਜੁੜੇ ਮੁੱਦਿਆਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਸਨ। ਕੁੱਝ ਦਿਨ ਪਹਿਲਾਂ ਇਨ੍ਹਾਂ ਮੁੱਦਿਆਂ ਵੱਲ ਧਿਆਨ ਖਿੱਚਣ ਲਈ ਕੈਲਗਰੀ ਧਰਨੇ ਦੇ ਕੁੱਝ ਵਿਦਿਆਰਥੀ ਭੁੱਖ ਹੜਤਾਲ ਉੱਪਰ ਵੀ ਚਲੇ ਗਏ ਸਨ ਜਿਹਨਾਂ ਨੂੰ ਸਥਾਨਿਕ ਗੁਰੂਘਰ ਦੇ ਪਰਬੰਧਕਾਂ ਅਤੇ ਸਹਿਰ ਦੇ ਪਤਵੰਤੇ ਲੋਕਾਂ ਨੇ ਬੇਨਤੀ ਕਰਕੇ ਭੁੱਖ ਹੜਤਾਲ ਕਰਨ ਤੋਂ ਰੋਕ ਦਿੱਤਾ ਸੀ।ਵਰਨਣਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਪਹਿਲਾਂ ਹੀ ਵਰਕ ਪਰਮਿਟ ਦੇਣ ਤੋਂ ਸਾਫ ਇਨਕਾਰ ਕਰਦਿਆਂ ਵਿਦਿਆਰਥੀਆਂ ਨੂੰ ਪੜਾਈ ਮੁੱਕ ਜਾਣ ਉਪਰੰਤ ਆਪਣੇ ਘਰ (ਮੁਲਕ) ਵਾਪਿਸ ਜਾਣ ਦੀ ਤਾਕੀਦ ਕੀਤੀ ਸੀ।

ਪੋਰਟੇਜ ਕਾਲਜ ਵਿੱਚ ਪੜ੍ਹਾਈ ਕਰਨ ਵਾਲੇ ਇਹਨਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਵਿਸ਼ਵਾਸ ਸੀ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਯੋਗ ਹੋਣਗੇ। ਪਰ ਜਦੋਂ ਉਨ੍ਹਾਂ ਨੇ ਵਰਕ ਪਰਮਿਟ ਲਈ ਅਰਜ਼ੀਆਂ ਦਿੱਤੀਆਂ ਤਾਂ ਕਈਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

AERO SIGN & PRINT INC. RELIABLE AND AFFORDABLE www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
Now Service Saskatoon & Surrounding Areas
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
Not intended to solicit properties currently listed for sale or buyers under contract. Each office is independently owned and operated.
randy.singh@c21.ca | randysinghrealty.com

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE LIC. 512011
200 1965 Broad Street, Regina, SK S4P 1Y1

# ਵਿਰਾਸਤ ਦਿਵਸ ਉਤਸਵ - ਹੈਰੀਟੇਜ ਡੇ ਫੈਸਟੀਵਲ



ਕੈਲਗਰੀ(ਜਗਦੇਵ ਸਿੱਧੂ) ਤਿੰਨ ਅਗਸਤ ਨੂੰ ਕੈਨੇਡਾ ਭਰ ਵਿੱਚ ਹੈਰੀਟੇਜ ਡੇ ਯਾਨੀ ਵਿਰਾਸਤ ਦਿਵਸ ਮਨਾਇਆ ਗਿਆ। ਕੈਲਗਰੀ ਵਿੱਚ ਇਸ ਦਾ ਆਯੋਜਨ ਕੈਲਗਰੀ ਫੋਕ ਆਰਟਸ ਕੌਂਸਲ ਦੁਆਰਾ ਡਾਊਨਟਾਊਨ ਵਿੱਚ ਈਯੂ ਕਲੇਅਰ ਪਲਾਜ਼ਾ ਤੇ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਕੀਤਾ ਗਿਆ। ਇੱਥੇ ਕਈ ਮੁਲਕਾਂ ਦੇ ਕਲਾਕਾਰਾਂ ਨੇ ਰਵਾਇਤੀ ਪੁਸ਼ਾਕਾਂ ਪਹਿਨ ਕੇ ਆਪਣੇ ਸਭਿਆਚਾਰ ਦੇ ਰਵਾਇਤੀ ਸਾਜ਼ਾਂ ਅਤੇ ਨਾਚਾਂ ਦਾ ਪ੍ਰਦਰਸ਼ਨ ਕੀਤਾ। ਇਸ ਦੇ ਨਾਲ਼ ਹੀ ਇਨ੍ਹਾਂ ਮੁਲਕਾਂ ਦੇ ਰਵਾਇਤੀ ਖਾਣੇ ਅਤੇ ਦਸਤਕਾਰੀ ਦੇ ਨਮੂਨਿਆਂ ਦੇ ਸਟਾਲ ਵੀ ਖਿੱਚ ਦਾ ਕਾਰਨ ਰਹੇ। ਸਟੇਜ ਉਪਰ ਕੈਲਗਰੀ ਦੇ ਵੱਖੋ ਵੱਖ ਭਾਈਚਾਰਿਆਂ ਦੇ ਕਲਾਕਾਰਾਂ ਨੇ ਆਪਣੇ ਆਪਣੇ ਰਵਾਇਤੀ ਢੰਗ ਨਾਲ਼ ਆਪਣੀ ਵਿਰਾਸਤੀ ਕਲਾ ਦਾ ਮੁਜ਼ਾਹਰਾ ਕੀਤਾ। ਇਨ੍ਹਾਂ ਵਿੱਚ ਯੂਰਪ, ਅਫ਼ਰੀਕਾ, ਉੱਤਰੀ ਤੇ ਦੱਖਣੀ ਅਮਰੀਕਾ ਅਤੇ ਏਸੀਆ ਦੇ ਕਈ ਮੁਲਕਾਂ ਦੀ ਵਿਰਾਸਤ ਦੇ ਦਰਸ਼ਨ ਹੋਏ। ਮਿਸਾਲ ਵਜੋਂ ਯੂਕਰੇਨ ਦੇ ਮੁੰਡੇ ਕੁੜੀਆਂ ਦਾ ਨਾਚ, ਦੱਖਣੀ ਅਫ਼ਰੀਕਾ ਦੇ ਸਾਜ਼ਿੰਦੇ ਦੀ ਪੁਰਾਤਨ ਸਾਜ਼ ਤੇ ਪੇਸ਼ਕਾਰੀ, ਮਹਾਰਾਸ਼ਟਰ ਦੀ ਟੀਮ ਦਾ ਢੋਲ ਵਜਾਉਣ ਦਾ ਕਮਾਲ ਤੇ ਹੋਰ। ਅਖੀਰ ਵਿੱਚ ਬੰਗਲਾ ਦੇਸ਼ ਦੇ ਰਵਾਇਤੀ ਗੀਤਾਂ ਅਤੇ ਕਲਾਸਕੀ ਨਾਚ ਦੀ ਪੇਸ਼ਕਾਰੀ ਸਿਖਰ ਦੀ ਰਹੀ। ਪ੍ਰੋ. ਡਾ. ਜੇਬੂਨਿਸਾ ਚਾਪੋਲਾ ਨੇ ਰਾਬਿੰਦਰ ਨਾਥ ਟੈਗੋਰ ਦੀ ਮਹਾਨਤਾ ਬਾਰੇ, ਬੰਗਲਾ ਭਾਸ਼ਾ ਅਤੇ ਸਭਿਆਚਾਰ ਦੀ ਅਮੀਰੀ ਬਾਰੇ ਅਤੇ ਕੈਨੇਡਾ ਦੇ ਮੂਲਨਿਵਾਸੀਆਂ ਦੀਆਂ ਜ਼ਬਾਨਾਂ ਨੂੰ ਦਰਪੇਸ਼ ਚੁਣੌਤੀ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਸ ਦੀਆਂ ਤਿੰਨ ਧੀਆਂ - ਪ੍ਰੋਕਰਿਤੀ, ਪ੍ਰਿਥਵੀ ਅਤੇ ਪ੍ਰੋਰਥਨਾ ਨੇ ਕਾਜ਼ੀ ਨਜ਼ਰੁਲ ਇਸਲਾਮ ਦੇ ਮਸ਼ਹੂਰ ਗੀਤ - ਰਿਮ ਝਿਮ- ਰਿਮ ਝਿਮ ਉਪਰ ਥਿਰਕਣ, ਪੈਰ ਚਾਲ ਅਤੇ ਅਦਾਵਾਂ ਰਾਹੀਂ ਕਲਾਸਕੀ ਨਾਚ ਪੇਸ਼ ਕਰ ਕੇ ਦਰਸ਼ਕਾਂ ਦੇ ਮਨਾਂ ਉਪਰ ਅਮਿਟ ਪ੍ਰਭਾਵ ਛੱਡਿਆ। ਇੱਕੋ ਸਮੇਂ ਇੱਕੋ ਸਟੇਜ ਉਪਰ ਏਨੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਭਾਂਤ-ਭਾਂਤ ਦੇ ਸਾਜ਼, ਮਧੁਰ ਸੁਰਾਂ ਦੇ ਸੰਗੀਤ ਅਤੇ ਵੰਨ-ਸੁਵੰਨੇ ਨਾਚ ਮਾਨਣ ਦਾ ਬਾ-ਕਮਾਲ ਨਜ਼ਾਰਾ ਸੀ। ਭਾਰੀ ਗਿਣਤੀ ਵਿੱਚ ਹਾਜ਼ਰ ਅਨੇਕਾਂ ਕੌਮਾਂ ਦੇ ਦਰਸ਼ਕਾਂ ਨੇ ਕਲਾਕਾਰਾਂ ਦਾ ਤਾੜੀਆਂ ਨਾਲ਼ ਭਰਵਾਂ ਸਵਾਗਤ ਕੀਤਾ ਅਤੇ ਆਪਣਾ ਭਰਪੂਰ ਮਨੋਰੰਜਨ ਕੀਤਾ। ਕੈਲਗਰੀ ਫੋਕ ਆਰਟਸ ਕੌਂਸਲ ਦਾ ਇਹ ਉਪਰਾਲਾ ਸਭਿਆਚਾਰਾਂ ਦੀ ਅਨੇਕਤਾ ਨੂੰ ਇੱਕੋ ਸੂਤਰ ਵਿੱਚ ਪ੍ਰੋਣ ਦਾ ਸ਼ਲਾਘਾਯੋਗ ਯਤਨ ਸੀ।











ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store

Play Store



# ਡੋਲੀ ਦੇ ਵਿੱਚ ਵੇਖ ਸਲੇਟੀ ਰਾਂਝੇ ਨੇ ਧਾਹ ਮਾਰੀ ਨੀਂ

## ਕੈਲਗਰੀ ਮਿਊਜ਼ਿਕ ਕਲਚਰਲ ਐਸੋਸੀਏਸ਼ਨ ਨੇ ਗੀਤ-ਸੰਗੀਤ ਦੀ ਮਹਿਫ਼ਿਲ ਸਜਾਈ

ਕੈਲਗਰੀ (ਜਗਦੇਵ ਸਿੱਧੂ) ਕੈਲਗਰੀ ਮਿਊਜ਼ਿਕ ਕਲਚਰਲ ਐਸੋਸੀਏਸ਼ਨ ਦੀ ਦੂਜੀ ਇਕੱਤਰਤਾ 9 ਅਗਸਤ ਨੂੰ ਕੋਸੋ ਹਾਲ ਵਿੱਚ ਹੋਈ। ਕੋਸੋ ਦੇ ਪ੍ਰਧਾਨ ਅਵਤਾਰ ਸਿੰਘ ਰੀਹਲ ਮਹਿਮਾਨ ਵੱਜੋਂ ਸ਼ਾਮਲ ਹੋਏ। ਕੋਈ ਤਿੰਨ ਘੰਟੇ ਤੋਂ ਵੱਧ ਹਾਰਮੋਨੀਅਮ ਦੀਆਂ ਸੁਰਾਂ, ਢੋਲਕੀ ਦੇ ਡੱਗੇ, ਤਬਲੇ ਦੀ ਤਾਲ ਅਤੇ ਆਵਾਜ਼ਾਂ ਦੇ ਸੁਮੇਲ ਨੇ ਸੰਗੀਤ ਦਾ ਅਲੋਕਾਰੀ ਮਾਹੌਲ ਸਿਰਜਿਆ। ਰਾਗਾਂ ਅਤੇ ਸੁਰਾਂ ਦੇ ਧਨੀ ਡਾ: ਜੋਗਾ ਸਿੰਘ ਸਹੋਤਾ ਨੇ ਸ਼ਬਦ ਗਾਇਨ ਨਾ਼ਲ ਸ਼ੁਰੂਆਤ ਕੀਤੀ - ਮਨ ਤੜਪਤ ਹਰਿ ਦਰਸਨ ਕੋ ਆਜ। ਸੁਖਦੇਵ ਰੱਤੂ ਦੇ ਗੀਤ - ਸਾਨੂੰ ਤਾਂ ਕਰ ਲਿਆ ਸੋਹਣੀਏਂ ਉਮਰਾਂ ਲਈ ਰੋਗੀ ਨੀਂ, ਡਾ: ਰੌਸ਼ਨ ਭੱਟੀ ਦੇ ਗੀਤ - ਜੱਗ ਭਾਵੇਂ ਲੱਖ ਵਸਦਾ, ਗੁਰਜੀਤ ਘੋ਼ਲੀਏ ਦੇ ਗੀਤ - ਸੱਜਣਾਂ ਵੇ ਨਹੀਉਂ ਕਦੇ ਝਗੜੇ ਕਰੀਂਦੇ, ਸੁਖਮੰਦਰ ਗਿੱਲ ਦੇ ਗੀਤ - ਸਾਰੀ ਦੁਨੀਆਂ ਤੇਰੀ ਸੋਹਣਿਆਂ ਅਤੇ ਅਨਵਰ ਖ਼ਾਨ ਦੇ ਗਾਏ ਛੱਲੇ ਨੇ ਸੰਗੀਤ ਦੀ ਧਰੋਹਰ ਨੂੰ ਸਾਕਾਰ ਕਰ ਦਿੱਤਾ। ਹਿੰਦੀ ਫ਼ਿਲਮੀ ਗੀਤਾਂ ਦੀ ਗਾਇਕੀ ਦੇ ਦੌਰ ਵਿੱਚ ਰਵੀ ਪ੍ਰਕਾਸ਼ ਜਨਾਗਲ ਨੇ - ਦਿਲ ਕੀ ਆਵਾਜ਼ ਭੀ ਸੁਨ, ਵਿਜੇ ਸਚਦੇਵਾ ਨੇ - ਆਪ ਕੇ ਹਸੀਨ ਰੁਖ ਪੇ ਆਜ ਨਯਾ ਨੂਰ ਹੈ, ਡਾ: ਮਨਮੋਹਨ ਬਾਠ ਨੇ - ਤੇਰੀ ਪਿਆਰੀ ਪਿਆਰੀ ਸੂਰਤ ਕੋ ਕਿਸੀ ਕੀ ਨਜ਼ਰ ਨ ਲਗੇ, ਬੌਬੀ ਨੇ - ਪਿਆਰ ਕਾ ਰਾਗ ਸੁਨੋ ਰੇ, ਮਨਦੀਪ ਕੌਰ ਨੇ - ਸਜਦਾ ਤੇਰਾ ਸਜਦਾ, ਜਸਵੀਰ ਸਿਹੋਤਾ ਨੇ - ਸਦਾ ਖ਼ੁਸ਼ ਰਹੇ ਤੂੰ, ਜਤਿੰਦਰ ਸਿੰਘ ਕੈਂਥ ਨੇ - ਭਰੀ ਦੁਨੀਆਂ ਮੇ ਆ ਕਰ ਭੀ ਦੀਵਾਨੇ ਕਹਾਂ ਜਾਏਂ ਅਤੇ ਸੁਖਵਿੰਦਰ ਤੂਰ ਨੇ - ਆ ਜਾ ਤੁਝ ਕੋ ਪੁਕਾਰੇ ਮੇਰੇ ਗੀਤ ਰੇ, ਦੀ ਪੇਸ਼ਕਾਰੀ ਰਾਹੀਂ ਸੰਗੀਤ ਦੀਆਂ ਸਿਖਰਾਂ ਨੂੰ ਛੋਹਿਆ। ਬੰਗਲਾ ਦੇਸ਼ ਮੂਲ ਦੀ ਅਤੇ ਕੈਨੇਡਾ ਦੀਆਂ ਦੋ ਯੂਨੀਵਰਸਿਟੀਆਂ ਦੀ ਪ੍ਰੋਫੈਸਰ, ਡਾ: ਜੇਬੂਨਿਸਾ ਚਾਪੋਲਾ ਨੇ ਹਰਮਿੰਦਰਪਾਲ ਸਿੰਘ ਨਾ਼ਲ ਮਿਲ ਕੇ ਸਾਜ਼ਾਂ ਦੀ ਧੁਨ ਅਤੇ ਤਾਲ ਉਪਰ ਗਾਇਆ - ਹਮ ਹੋਂਗੇ ਕਾਮਯਾਬ ਏਕ ਦਿਨ, ਉਨ੍ਹਾਂ ਨਾਲ ਮਨਦੀਪ ਕੌਰ ਵੀ ਦਮਾ ਦਮ ਮਸਤ ਕਲੰਦਰ ਗਾਉਣ ਵਿੱਚ ਸ਼ਾਮਿਲ ਹੋ ਗਈ। ਡਾ: ਚਾਪੋਲਾ ਦੀ ਗਾਇਕੀ ਰੂਹਾਨੀ ਮਸਤੀ ਦਾ ਮੰਜ਼ਰ ਸੀ। ਉਸ ਨੇ ਰਾਬਿੰਦਰਾ ਨਾਥ ਟੈਗੋਰ ਨੂੰ ਯਾਦ ਕੀਤਾ। ਉਸ ਦੀ ਸੱਤ ਸਾਲਾ ਧੀ ਪਰੁਥਵੀ ਨੇ ਗਾਣੇ 'ਤੇ ਨਾਚ ਕਰ ਕੇ ਦਰਸ਼ਕਾਂ ਦੇ ਮਨ ਮੋਹ ਲਏ। ਜਨਾਬ ਮਲਿਕ ਆਰਫ਼ ਨੇ ਝੰਗ ਦੀ ਜ਼ਬਾਨ ਦੇ ਲਹਿਜੇ ਵਿੱਚ ਪੰਜਾਬੀ ਬੋਲੀਆਂ ਸੁਣਾਈਆਂ ਤਾਂ ਮਸਤੀ ਦਾ ਆਲਮ ਛਾ ਗਿਆ - ਨੀਂ ਤੂੰ ਪੱਗ ਦੇ ਵ਼ਲੇਵੇਂ ਨਹੀਂ ਜਾਣਦੀ ਨੀਂ ਸਿੱਧਾ ਪੱਲਾ ਲੈਣ ਵਾ਼ਲੀਏ / ਨੀਂ ਆ ਜਾ ਚੁੱਕ ਕੇ ਸ਼ਤੀਰ ਵਿਖਾਈਏ ਨੀਂ ਜਾਤ ਦੀਏ ਕੋਹੜ ਕਿਰਲੀਏ। ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਬਾਬੂ ਰਜਬ ਅਲੀ ਖ਼ਾਨ ਦਾ ਮੁਕੰਦ ਛੰਦ "ਧੂਫ ਦੇ ਲੀ ਜੁਆਨ ਨੇ ਰਫਲ ਰਾਣੀ ਨੂੰ" ਗਾ ਕੇ ਉਸ ਸਿਰਮੌਰ ਕਵੀ ਨੂੰ ਉਸ ਦੇ ਜਨਮ ਦੀ 132ਵੀਂ ਵਰ੍ਹੇਗੰਢ ਵਾ਼ਲੇ ਇਸ ਦਿਨ 'ਤੇ ਅਕੀਦਾ ਪੇਸ਼ ਕੀਤਾ। ਜਸਵੰਤ ਸਿੰਘ ਸੇਖੋਂ ਨੇ ਸੋਹਣ ਸਿੰਘ ਭੁੱਚੋ ਨੂੰ ਨਾ਼ਲ ਲੈ ਕੇ ਬੋਲੀਆਂ ਪਾਈਆਂ। ਮੰਨੇ ਪ੍ਰਮੰਨੇ ਗਾਇਕ ਦੀਪ ਬਰਾੜ ਅਤੇ ਸੋਹਣ ਸਿੰਘ ਭੁੱਚੋ ਨੇ ਜਦੋਂ ਕਲੀ ਦੀ ਹੇਕ ਲਾਈ - ਡੋਲੀ ਦੇ ਵਿੱਚ ਵੇਖ ਸਲੇਟੀ ਰਾਂਝੇ ਨੇ ਧਾਹ ਮਾਰੀ ਨੀਂ - ਤਾਂ ਪੰਜਾਬ ਦਾ ਰਵਾਇਤੀ ਅਖਾੜਾ ਸੁਰਜੀਤ ਹੋ ਗਿਆ ਅਤੇ ਦਰਸ਼ਕ ਵੀ ਨਾ਼ਲ ਗਾਉਣ ਲੱਗੇ। ਲੱਗਦਾ ਸੀ ਹਾਲ ਅੰਦਰ ਸੰਗੀਤ ਦੀ ਦੇਵੀ ਦਾ ਵਾਸਾ ਹੈ। ਇਸ ਮਨਮੋਹਕ ਮਾਹੌਲ ਨੂੰ ਸਿਰਜਣ ਵਿੱਚ ਤਬਲਾਵਾਦਕ ਮੀਤ, ਮੱਟੂ ਢੋਲੀ, ਡਾ: ਰੌਸ਼ਨ ਭੱਟੀ, ਹਾਰੋਨੀਅਮਵਾਦਕ ਡਾ: ਚਾਪੋਲਾ, ਡਾ: ਜੋਗਾ ਸਿੰਘ ਸਹੋਤਾ, ਹਰਮਿੰਦਰਪਾਲ ਸਿੰਘ ਅਤੇ ਦੀਪ ਬਰਾੜ ਦੁਆਰਾ ਸਿਰਜੀਆਂ ਧੁਨਾਂ, ਸੁਰਾਂ ਅਤੇ ਤਾਲ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਜਸਵੰਤ ਸਿੰਘ ਕਪੂਰ ਨੇ ਸਾਰੀ ਕਾਰਵਾਈ ਨੂੰ ਬੜੇ ਹੁਨਰ ਨਾ਼ਲ ਕੈਮਰਾ-ਬੰਦ ਕੀਤਾ। ਹਰਮਿੰਦਰਪਾਲ ਸਿੰਘ ਨੇ ਜਿੱਥੇ ਆਪਣੀ ਨਿਪੁੰਨ ਗਾਇਕੀ ਰਾਹੀਂ ਗੁਲੂਕਾਰਾਂ ਦਾ ਸਾਥ ਦਿੱਤਾ,ਉੱਥੇ ਸਾਰੀ ਕਾਰਵਾਈ ਬੜੇ ਸੁਲਝੇ ਹੋਏ ਢੰਗ ਨਾ਼ਲ ਸਿਰੇ ਚੜ੍ਹਾਈ। ਇਸ ਦੂਜੀ ਇਕੱਤਰਤਾ ਦੀ ਸਫ਼ਲਤਾ ਨੇ ਐਸੋਸੀਏਸ਼ਨ ਦੁਆਰਾ ਨਵੀਆਂ ਪਿਰਤਾਂ ਪਾਉਣ ਦਾ ਆਗਾਜ਼ ਕਰ ਦਿੱਤਾ ਹੈ।




# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ-ਮੀਟਿੰਗ ਰਿਪੋਰਟ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੰਡੋ ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਆਪਣੇ ਦਫ਼ਤਰ ਦੇ ਹਾਲ ਵਿੱਚ ਪਿਕਨਿਕ ਵਰਗਾ ਮਾਹੌਲ ਸਿਰਜਿਆ। ਮੈਂਬਰਾਂ ਦੇ ਜਨਮਦਿਨ ਕੇਕ ਕੱਟ ਕੇ ਮਨਾਏ ਅਤੇ ਵਧਾਈਆਂ ਪਰੋਸੀਆਂ। ਪ੍ਰਧਾਨ ਡਾ: ਸੇਵਾ ਸਿੰਘ ਪ੍ਰੇਮੀ ਨੇ ਕੈਨੇਡਾ ਵਿੱਚ ਮਿਲੀਆਂ ਸਹੂਲਤਾਂ ਦਾ ਵੇਰਵਾ ਦੇ ਕੇ ਕਿਹਾ ਕਿ ਸਾਨੂੰ ਇਸ ਮੁਲਕ ਦੀ ਉੱਨਤੀ ਵਾਸਤੇ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ। ਉਸ ਨੇ ਇੱਕ ਮਹੀਪਾਲ ਲਿਖਿਤ ਅਤੇ ਇੱਕ ਆਪਣੀ ਲਿਖੀ ਕਵਿਤਾ ਵੀ ਸੁਣਾਈ - ਤੁਰਦੇ ਰਹਿਣਾ ਹੀ ਜੀਵਨ ਹੈ ਬਿਖੜੇ ਬਿਖੜੇ ਰਾਹਾਂ 'ਤੇ / ਕਰਦੇ ਰਹਿਣਾ ਕੰਮ ਅਨੋਖਾ ਰੱਖ ਭਰੋਸਾ ਬਾਹਾਂ 'ਤੇ। ਸੁਰਜੀਤ ਸਿੰਘ ਹੇਅਰ ਨੇ ਆਪਣੀ ਇੱਕ ਗ਼ਜ਼ਲ ਅਤੇ ਇੱਕ ਨਜ਼ਮ ਸੁਣਾਈ। ਗ਼ਜ਼ਲ ਰਾਹੀਂ ਰੱਬ ਅਤੇ ਇਨਸਾਨ ਦੇ ਰਿਸ਼ਤੇ ਨੂੰ ਸਾਕੀ ਅਤੇ ਰਿੰਦ ਦੇ ਰੂਪ ਵਿੱਚ ਪ੍ਰਸਤੁਤ ਕਰ ਕੇ ਨਿਪੁੰਨ ਕਾਵਿ-ਕਲਾ ਦਾ ਵਧੀਆ ਨਮੂਨਾ ਪੇਸ਼ ਕੀਤਾ - ਮਹਿਫ਼ਿਲ ਤੇਰੀ ਸਾਕੀਆ ਰਿੰਦ ਵੀ ਕਮਾਲ ਦੇ ਨੇ / ਤੇਰੀ ਹੀ ਪੀ ਕੇ ਤੈਨੂੰ ਅੱਖਾਂ ਵਿਖਾਲਦੇ ਨੇ। ਸੁਖਮੰਦਰ ਗਿੱਲ ਦੇ ਗਾਏ ਗੀਤ - ਨੀਵਾਂ ਹੋ ਕੇ ਮਿਲਦੇ ਰੁਤਬੇ ਉਸ ਦੇ ਦਰ ਸੁਲਤਾਨਾਂ ਦੇ, ਜਗਦੀਸ਼ ਕੌਰ ਸਰੋਆ ਦੇ ਗਾਏ ਗੀਤ - ਹਰ ਪਲ ਖ਼ੈਰ ਮਨਾਵਣ ਇਹ ਬਾਬਲ ਦੇ ਖੇੜੇ ਦੀ / ਧੀਆਂ ਅਤੇ ਧਰੇਕਾਂ ਰੌਣਕ ਹੁੰਦੀਆਂ ਵਿਹੜੇ ਦੀ ਅਤੇ ਰਵੀ ਜਨਾਗਲ ਦੁਆਰਾ ਮੁਹੰਮਦ ਰਫ਼ੀ ਦੀ ਯਾਦ ਵਿੱਚ ਗਾਏ ਗੀਤ - ਦਿਲ ਕੀ ਆਵਾਜ਼ ਭੀ ਸੁਨ ਮੇਰੇ ਅਫਸਾਨੇ ਪੇ ਨ ਜਾ, ਨੇ ਮਾਹੌਲ ਨੂੰ ਸੰਗੀਤਕ ਰੰਗਣ ਚਾੜ੍ਹ ਦਿੱਤੀ। ਮਾਸਟਰ ਆਇਆ ਸਿੰਘ, ਜਰਨੈਲ ਤੱਗੜ, ਹਰਚੰਦ ਸਿੰਘ, ਚਰਨਦੀਪ ਕੌਰ ਅਤੇ ਬਲਵਿੰਦਰ ਸਿੰਘ ਵਿਰਦੀ ਨੇ ਕਵਿਤਾਵਾਂ ਪੜ੍ਹੀਆਂ। ਦਿਲਾਵਰ ਸਮਰਾ ਨੇ ਗੁਰਬਾਣੀ 'ਚੋਂ ਚੋਣਵੀਆਂ ਤੁਕਾਂ ਦਾ ਉਚਾਰਨ ਕਰ ਕੇ ਵਿਆਖਿਆ ਕੀਤੀ। ਕੁਲਦੀਪ ਕੌਰ ਘਟੌੜਾ ਨੇ ਅੰਤਰ ਆਤਮਾ ਵਿੱਚ ਝਾਤ ਮਾਰਨ, ਆਪਣੇ ਆਪ ਨੂੰ ਪਛਾਨਣ ਅਤੇ ਸਿਰਜਣਹਾਰ ਦਾ ਸ਼ੁਕਰਾਨਾ ਕਰਨ ਦੀ ਪ੍ਰੇਰਨਾ ਦਿੱਤੀ। ਗੁਰਦਿਆਲ ਸਿੰਘ ਖਹਿਰਾ ਨੇ ਪੰਜਾਬ ਵਿੱਚ ਆਮ ਵੇਖੇ ਜਾਂਦੇ ਟਰੱਕਾਂ, ਬੱਸਾਂ ਤੇ ਟਰਾਲੀਆਂ ਪਿੱਛੇ ਲਿਖੇ ਕੁੱਝ ਟੋਟਕੇ ਆਪਣੀ ਖੋਜ ਵੱਜੋਂ ਪੇਸ਼ ਕਰ ਕੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਤਰਲੋਕ ਚੁੱਘ ਨੇ ਮਜ਼ਾਕੀਆ ਸ਼ੇਅਰ ਅਤੇ ਚੁਟਕਲੇ ਸੁਣਾ ਕੇ ਦਰਸ਼ਕਾਂ ਨੂੰ ਖ਼ੂਬ ਹਸਾਇਆ। ਸਕੱਤਰ ਅਮਰੀਕ ਸਿੰਘ ਸਰੋਆ ਨੇ ਕਾਰਵਾਈ ਚਲਾਉਂਦਿਆਂ ਪੂਰਾ ਸਮਾਂ ਬੁਲਾਰਿਆਂ ਨੂੰ ਦਿੱਤਾ। ਫੋਟੋਗ੍ਰਾਫ਼ੀ ਦੀ ਸੇਵਾ ਮਹੀਪਾਲ ਜੱਸਲ ਨੇ ਨਿਭਾਈ। ਅਖੀਰ ਵਿੱਚ ਜਗਦੇਵ ਸਿੱਧੂ ਨੇ ਕਾਰਵਾਈ ਨੂੰ ਇਉਂ ਸਮੇਟਿਆ -

ਖਾਓਪੀਓ ਮੌਜ ਮਨਾਓ ਰੱਜ ਰੱਜ ਵੇਖੋ ਮੇਲਾ।
ਹੋਰ ਘੜੀ ਨੂੰ ਯਾਰ ਬੁਖਾਰੀ ਹੋ ਜਾਸੀ ਪਿੜ ਵਿਹਲਾ।

ਸੇਵਾ ਸਿੰਘ ਪ੍ਰੇਮੀ ਦੇ ਧੰਨਵਾਦੀ ਸ਼ਬਦਾਂ ਮਗਰੋਂ ਸਭ ਨੇ ਸਵਾਦਿਸ਼ਟ ਭੋਜਨ ਦਾ ਅਨੰਦ ਮਾਣਿਆ।






# ਈਸਾਈ ਭਾਈਚਾਰੇ ਦੀ ਕਨਵੈਨਸ਼ਨ ਅਮਨ, ਪਿਆਰ, ਖ਼ੁਸ਼ੀ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦੇ ਗਈ



ਕੈਲਗਰੀ (ਜਗਦੇਵ ਸਿੱਧੂ) ਪਿਛਲੇ ਦਿਨੀਂ ਕੈਲਗਰੀ ਵਿੱਚ ਈਸਾਈ ਭਾਈਚਾਰੇ ਦੀ ਤਿੰਨ - ਦਿਨਾ ਜਿਹੋਵਾ ਵਿਟਨੈਸ ਅੰਤਰਰਾਸ਼ਟਰੀ ਕਨਵੈਨਸ਼ਨ ਸਟੈਂਪੀਡ ਪਾਰਕ ਦੇ ਬੀ.ਐਮ.ਉ. ਸੈਂਟਰ ਵਿੱਚ ਹੋਈ। ਇਸ ਵਿੱਚ26 ਮੁਲਕਾਂ ਤੋਂ 3500 ਡੈਲੀਗੇਟਾਂ ਸਮੇਤ ਕੁੱਲ 24000 ਅਨੁਯਾਈ ਸ਼ਾਮਲ ਹੋਏ। ਤੀਜੇ ਤੇ ਆਖਰੀ ਦਿਨ ਪ੍ਰਬੰਧਕਾਂ, ਸਟਾਫ, ਸੁਰੱਖਿਆ ਕਰਮਚਾਰੀਆਂ ਅਤੇ ਵਾਲੰਟੀਅਰਾਂ ਸਮੇਤ ਹਾਜ਼ਰੀਨ ਦੀ ਗਿਣਤੀ 27,851 ਸੀ। ਸਮਾਗਮ ਦਾ ਮੁੱਖ ਉਦੇਸ਼ ਬਾਈਬਲ ਵਿੱਚ ਦਰਜ ਈਸਾ ਮਸੀਹ ਦੀਆਂ ਸਿੱਖਿਆਵਾਂ ਤੇ ਆਧਾਰਿਤ ਪਰਚਾਰ ਕਰਨਾ ਸੀ ਕਿ ਕਿਵੇਂ ਜ਼ਿੰਦਗੀ ਵਿੱਚ ਵਧੇਰੇ ਖ਼ੁਸ਼ੀ ਪ੍ਰਾਪਤ ਕਰ ਕੇ ਜ਼ਿੰਦਗੀ ਨੂੰ ਅਰਥ-ਭਰਪੂਰ ਬਣਾਇਆ ਜਾ ਸਕੇ। ਬਹੁਤਾ ਜ਼ੋਰ ਅੰਦਰੂਨੀ ਪ੍ਰਸੰਨਤਾ ਉਪਰ ਸੀ। ਵਿਸ਼ੇ ਦੇ ਮਾਹਿਰਾਂ ਨੇ ਬਾਈਬਲ ਵਿੱਚਲੇ ਪ੍ਰਸੰਗਾਂ / ਕਹਾਣੀਆਂ ਦੀ ਨਾਟਕੀ ਰੂਪਾਂਤਰ ਵਾਲ਼ੀਆਂ ਵੀਡੀਉ ਰਾਹੀਂ ਈਸਾ ਮਸੀਹ ਦੇ ਜੀਵਨ ਦੀਆਂ ਝਲਕੀਆਂ ਵਿਖਾ ਕੇ ਸਿੱਖਿਆਵਾਂ ਦੀ ਸਰਲ ਅਤੇ ਸਾਦੇ ਢੰਗ ਨਾਲ਼ ਵਿਆਖਿਆ ਕੀਤੀ। ਵਿਦਵਾਨ ਬੁਲਾਰਿਆਂ ਵੱਲੋਂ 30 ਤੋਂ ਵੱਧ ਪ੍ਰਵਚਨ / ਵਿਆਖਿਆਨ ਅਤੇ ਪੇਸ਼ਕਾਰੀਆਂ ਰਾਹੀਂ ਜਿਹੋਵਾ (ਪ੍ਰਮਾਤਮਾ) ਦੇ ਬਾਈਬਲ ਵਿੱਚਲੇ ਫੁਰਮਾਨ ਨੂੰ ਸਮਝਾਇਆ ਗਿਆ। ਕਨਵੈਨਸ਼ਨ ਦੇ ਮੁੱਖ ਬੁਲਾਰੇ (Spokesperson) ਬਰੈਡ ਪ੍ਰੈਮਬਰਗ ਨੇ ਦੱਸਿਆ ਕਿ ਇਸ ਕਨਵੈਨਸ਼ਨ ਦਾ ਇੱਥੋਂ ਦੇ ਅਰਥਚਾਰੇ ਉਪਰ 51 ਮਿਲੀਅਨ ਡਾਲਰ ਦਾ ਅਸਰ ਪਿਆ, ਭਾਵ ਕੈਲਗਰੀ ਦੇ ਹੋਟਲਾਂ,ਰੈਸਤੋਰਾਂ, ਟੈਕਸੀਆਂ, ਬੱਸਾਂ, ਰੇਲਾਂ, ਦੁਕਾਨਦਾਰਾਂ, ਸਟੋਰਾਂ, ਕਨਵੈਨਸ਼ਨ ਸੈਂਟਰ ਆਦਿ ਨੂੰ ਕਮਾਈ ਹੋਈ। ਇਸ ਕਨਵੈਨਸ਼ਨ ਨੇ ਕੈਲਗਰੀ ਮਹਾਂਨਗਰ ਅੰਦਰ ਹੌਸਲੇ, ਏਕਤਾ, ਪਿਆਰ ਅਤੇ ਸ਼ਾਂਤੀ ਦਾ ਮਾਹੌਲ ਬਣਾਇਆ। ਬਾਹਰੋਂ ਆਏ ਡੈਲੀਗੇਟ ਕੈਲਗਰੀ ਅਤੇ ਆਲ਼ੇ-ਦੁਆਲ਼ੇ ਦੇ ਇਲਾਕਿਆਂ ਵਿੱਚਵਿੱਚਰ ਕੇ ਇੱਥੋਂ ਦੇ ਬਹੁ-ਸਭਿਆਚਾਰਾਂ ਅਤੇ ਬਹੁ-ਕੌਮੀਅਤਾਂ ਦੇ ਵਾਸੀਆਂ ਦੀ ਅਨੇਕਤਾ ਵਿੱਚ ਏਕਤਾ ਵਾਲ਼ੀ ਭਾਵਨਾ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਕਨਵੈਨਸ਼ਨ ਦੇ ਅੰਦਰ ਅਤੇ ਬਾਹਰ ਇਨ੍ਹਾਂ ਅਨੁਯਾਈਆਂ ਵਿੱਚ ਅਥਾਹ ਪ੍ਰੇਮ-ਭਾਵਨਾ ਵੇਖਣ ਨੂੰ ਮਿਲੀ। ਵੱਖੋ ਵੱਖ ਮੁਲਕਾਂ ਵਿੱਚ ਕੀਤੀ ਜਾਣ ਵਾਲ਼ੀ ਇਸ ਸਾਲ ਦੀ ਇਹ ਉੱਨੀਵੀਂ ਕਨਵੈਨਸ਼ਨ ਅਮਨ, ਖ਼ੁਸ਼ੀ, ਪ੍ਰੇਮ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦੇ ਗਈ।













# ਪੰਜਾਬ - ਦੁਖਾਂਤ, ਮਾਣ ਅਤੇ ਸੰਘਰਸ਼



ਗੁਰਮੀਤ ਸਿੰਘ ਪਲਾਹੀ
9815802070

ਇਹ ਉਹੀ ਪੰਜਾਬ ਹੈ ਜਿਸਨੇ ਲਾਸ਼ਾਂ ਵੇਖੀਆਂ ਹਨ। ਲਾਸ਼ਾਂ ਜਿਹੇ ਲੋਕ ਵੇਖੇ ਹਨ। ਇਹ ਉਹੀ ਪੰਜਾਬ ਹੈ ਜੋ ਆਪਣੇ ਦੁੱਖਾਂ ਦੀਆਂ ਕਹਾਣੀਆਂ ਕਹਿੰਦੇ-ਕਹਿੰਦੇ ਥੱਕ ਚੁੱਕਾ ਹੈ। ਇਹ ਉਹੀ ਪੰਜਾਬ ਹੈ ਜਿਸਨੇ ਦੇਸ਼ ਦੀ ਵੰਡ ਵੇਲੇ ਵੱਡਾ ਦੁੱਖ ਆਪਣੇ ਪਿੰਡੇ ਤੇ ਝੱਲਿਆ ਅਤੇ ਇਹ ਉਹੀ ਪੰਜਾਬ ਹੈ ਜਿਹੜਾ ਉਨ੍ਹਾਂ ਦਿਨਾਂ ਨੂੰ ਜਦੋਂ ਯਾਦ ਕਰਦਾ ਹੈ, ਕੰਬ ਉੱਠਦਾ ਹੈ ਜਦੋਂ @47 ਵਾਪਰਿਆ ਜਦੋਂ @84 ਵਾਪਰਿਆ।

ਉਸ ਸਮੇਂ ਝੜਪਾਂ, ਝਗੜਿਆਂ, ਗੋਲੀਆਂ ਦੇ ਵਿਚਕਾਰ ਫੈਲਿਆ ਘੋਰ ਹਨੇਰਾ ਸਮੇਂ ਦੇ ਇਤਿਹਾਸ ਬਰਾਬਰ ਸੀ। ਦਿਨ ਹੋਏ ਜਾਂ ਰਾਤ ਹਵਾ ਇਸ ਤਰ੍ਹਾਂ ਸਾਂ-ਸਾਂ ਕਰਦੀ ਸੀ ਜਿਵੇਂ ਇਤਿਹਾਸ ਦੇ ਪੱਲੂ ਵਿੱਚ ਬੈਠ ਕੇ ਰੋ ਰਹੀ ਹੋਵੇ। ਇਹ ਪੰਜਾਬ ਉਹੀ ਹੈ ਜਿੱਥੇ ਦੁੱਖਾਂ ਦੇ ਦਰੱਖਤ ਉਸਦੇ ਸੀਨੇ 'ਚ ਉੱਗੇ ਸਨ। ਇਹ ਦਰੱਖਤ ਹਾਲੇ ਤੱਕ ਢਹੇ ਨਹੀਂ, ਡਿੱਗੇ ਵੀ ਨਹੀਂ। ਕਿਧਰੇ ਨਾ ਕਿਧਰੇ ਜਿਉਂਦੇ ਹਨ ਪੰਜਾਬ ਦੇ ਮਨ ਦੇ ਕਿਸੇ ਨਾ ਕਿਸੇ ਕੋਨੇ 'ਚ। ਪਰ ਕੀ ਕਦੇ ਕਿਸੇ ਇਸ ਦਰਦਾਂ ਭਰੇ, ਭਾਵਨਾ ਭਰਪੂਰ ਪੰਜਾਬ ਨੂੰ ਸਮਝਦਾਰੀ ਤੇ ਗੰਭੀਰਤਾ ਨਾਲ ਦੇਖਿਆ ?

ਦੇਸ਼ ਦੀ ਹਰ ਵੱਡੀ-ਛੋਟੀ ਸਿਆਸੀ ਧਿਰ ਨੇ ਵੋਟਾਂ ਦੀ ਖਾਤਰ ਇਸਦਾ ਮੁੱਲ ਲਾਇਆ। ਕਿਸੇ ਨੇ ਨਾ ਇਸਦੀ ਬਾਤ ਪੁੱਛੀ ਨਾ ਇਸਨੂੰ ਪੁਚਕਾਰਿਆ। ਜਦੋਂ ਕਦੇ ਇਸ ਆਪਣੇ ਦੁੱਖ ਉਜਾਗਰ ਕਰਨੇ ਚਾਹੇ ਸੱਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹਨੂੰ ਪੀੜਿਆ ਜਾ ਰਿਹਾ ਹੈ, ਉਹ ਦੇਸ਼ ਧ੍ਰੋਹੀ ਅਖਵਾਇਆ।

ਪੰਜਾਬ ਦੇ ਪਿੰਡੇ @ਚੋਂ ਉੱਠਿਆ ਕਿਸਾਨ ਅੰਦੋਲਨ ਪੰਜਾਬ ਦੇ ਲੋਕਾਂ ਦੀ ਸਹਿਮਤੀ ਦਾ ਅੰਦੋਲਨ ਸੀ। ਪੰਜਾਬ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਸਦਾ ਪਿੰਡਾ ਚੀਰਿਆ ਜਾ ਰਿਹਾ। ਉਸਨੇ ਇਹ ਸਮਝਾਉਣ ਦਾ ਯਤਨ ਵੀ ਕੀਤਾ ਕਿ ਸੱਤਾ 'ਚ ਅਸਹਿਮਤੀ ਦੇਸ਼ ਧ੍ਰੋਹੀ ਨਹੀਂ ਹੁੰਦਾ ਤੇ ਸੱਤਾ ਵਿੱਚ ਸਹਿਮਤੀ ਦੇਸ਼ ਭਗਤੀ ਵੀ ਨਹੀਂ ਹੁੰਦੀ। ਪਰ ਉਨ੍ਹਾਂ ਦੀ ਗੱਲ ਕਿਸਨੇ ਸੁਣੀ ? ਉਹ ਖਾਲਿਸਤਾਨੀ ਤੇ ਅੰਦੋਲਨ ਜੀਵੀ ਅਖਵਾਏ। ਇਹ ਵਿਖਾ ਕੇ ਉਹ ਘਰਾਂ ਨੂੰ ਪਰਤ ਆਏ ਕਿ ਪੰਜਾਬ ਕਦੇ ਹਾਰਦਾ ਨਹੀਂ, ਝੁਕਦਾ ਨਹੀਂ। ਅਤੇ ਆਪਣੇ ਹੱਕਾਂ ਖਾਤਰ ਮਰਨ ਦਾ ਹੌਸਲਾ ਰੱਖਦਾ ਹੈ ਅਤੇ ਅਸੰਭਵ ਨੂੰ ਸੰਭਵ ਕਰਨ ਦੀ ਤਾਕਤ ਉਸਦੀ ਮਿੱਟੀ 'ਚ ਹਾਲੇ ਵੀ ਹੈ ਜਿਹੜੀ ਸਦੀਆਂ ਤੋਂ ਉਸਨੂੰ ਅਨੋਖੀ ਤਾਕਤ ਬਖਸ਼ਦੀ ਰਹੀ ਹੈ। ਸੇਵਾ, ਸਮਰਪਣ, ਕੁਰਬਾਨੀ ਦੀ ਤਾਕਤ।

ਖੋਲੀਏ ਇਤਿਹਾਸ ਦੇ ਪੰਨੇ, ਦੇਖੀਏ ਲਹੂ ਲੁਹਾਨ ਪੰਜਾਬ ਦਾ ਇੱਕ ਪਾਸਾ। ਇਨ੍ਹਾਂ ਪੰਨਿਆਂ 'ਚ ਛੁਪਿਆ ਸੱਚ ਪੰਜਾਬ ਦਾ ਦੁਖਾਂਤ ਵੀ ਹੈ ਤੇ ਪੰਜਾਬ ਦਾ ਮਾਣ ਵੀ।

1947 ਵਿੱਚ ਵਾਪਰੇ ਬਟਵਾਰੇ ਦਾ ਖ਼ੂਨੀ ਦੁਖਾਂਤ ਭਾਰਤੀ ਇਤਿਹਾਸ ਦਾ ਸਭ ਤੋਂ ਕਾਲਾ ਪੰਨਾ ਹੈ। ਇਸ ਵੰਡ ਦੀ ਸਭ ਤੋਂ ਭਾਰੀ ਕੀਮਤ ਪੰਜਾਬ ਅਤੇ ਪੰਜਾਬੀਆਂ ਨੂੰ ਆਪਣੀਆਂ ਜਾਨਾਂ, ਮਕਾਨ ਅਤੇ ਜ਼ਮੀਨਾਂ ਗੁਆ ਕੇ ਚੁਕਾਉਣੀ ਪਈ।

ਪੰਜਾਬ ਬਟਵਾਰੇ ਵੇਲੇ ਉਹਨਾਂ ਸਿਆਸਤਦਾਨਾਂ ਦੀਆਂ ਸ਼ੈਤਾਨੀਆਂ ਦਾ ਸ਼ਿਕਾਰ ਹੋਇਆ, ਜਿਹੜੇ ਲੋਕਾਂ 'ਤੇ ਹਕੂਮਤ ਕਰਨੀ ਚਾਹੁੰਦੇ ਸਨ। ਇਹਨਾਂ ਸਿਆਸਤਦਾਨਾਂ ਨੇ ਅੰਗਰੇਜ਼ਾਂ ਨਾਲ ਮਿਲੀਭੁਗਤ ਕਰਕੇ ਲੋਕਾਂ 'ਤੇ ਬਟਵਾਰਾ ਠੋਸਿਆ ਸੀ। ਇਸਦੀ ਕੀਮਤ ਉਹਨਾਂ ਲੋਕਾਂ ਨੂੰ ਭੁਗਤਣੀ ਪਈ, ਜਿਹਨਾਂ ਆਮ ਲੋਕਾਂ ਦੀ ਮੰਗ ਬਟਵਾਰਾ ਕਦੇ ਵੀ ਨਹੀਂ ਸੀ।

ਇਸ ਹੌਲਨਾਕ ਵਰਤਾਰੇ ਵਿੱਚ ਲੱਖਾਂ ਪੰਜਾਬੀ ਬੇਰਹਿਮੀ ਨਾਲ ਮਾਰੇ ਗਏ, ਅਣਗਿਣਤ ਜ਼ਖ਼ਮੀ ਹੋਏ ਅਤੇ ਲਗਭਗ 8 ਲੱਖ ਤੋਂ ਵੱਧ ਲੋਕ ਰਾਤੋ-ਰਾਤ ਆਪਣੇ ਘਰ-ਬਾਰ, ਜੱਦੀ-ਪੁਸ਼ਤੀ ਜ਼ਮੀਨਾਂ ਤੇ ਪੂੰਜੀ ਗੁਆ ਕੇ ਉੱਜੜਨ ਲਈ ਮਜਬੂਰੀ ਵੱਸ ਨਿਕਲ ਪਏ। ਇਸ ਵੱਡੇ ਉਜਾੜੇ ਅਤੇ ਜਾਨੀ-ਮਾਲੀ ਨੁਕਸਾਨ ਦੇ ਬਾਵਜੂਦ ਪੰਜਾਬੀਆਂ ਨੇ ਹਿੰਮਤ ਨਹੀਂ ਹਾਰੀ। ਪਾਕਿਸਤਾਨ ਤੋਂ ਉੱਜੜ ਕੇ ਆਏ ਇਹ ਮਿਹਨਤੀ ਪੰਜਾਬੀ ਦਿੱਲੀ, ਉੱਤਰ ਪ੍ਰਦੇਸ਼ ਦੇ 'ਤਰਾਈ' ਖੇਤਰ (ਜਿਵੇਂ ਪੀਲੀਭੀਤ, ਲਖੀਮਪੁਰ ਖੀਰੀ), ਹਰਿਆਣਾ, ਰਾਜਸਥਾਨ ਅਤੇ ਦੇਸ਼ ਦੇ ਹੋਰਾਂ ਸੂਬਿਆਂ ਵਿੱਚ ਜਾ ਕੇ ਵੱਸੇ। ਜਿੱਥੇ ਵੀ ਉਹ ਗਏ, ਉੱਥੇ ਬੰਜਰ ਜ਼ਮੀਨਾਂ ਨੂੰ ਵੀ ਆਪਣੀ ਅਣਥੱਕ ਮਿਹਨਤ ਨਾਲ ਜਰਖੇਜ਼ ਬਣਾ ਕੇ ਮੁੜ ਪੈਰਾਂ 'ਤੇ ਖੜ੍ਹੇ ਹੋਏ ਅਤੇ ਦੇਸ਼-ਵਿਦੇਸ਼ ਵਿੱਚ ਆਪਣੀ ਵੱਖਰੀ ਪਛਾਣ ਬਣਾਈ।




ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਰਹੀ ਹੈ ਕਿ ਇਹ ਹਮੇਸ਼ਾ ਖ਼ੁਦਗਰਜ਼ ਸਿਆਸਤਦਾਨਾਂ ਦੀਆਂ ਚਾਲਾਂ ਦਾ ਸ਼ਿਕਾਰ ਹੁੰਦਾ ਰਿਹਾ, ਜੋ ਕੇਵਲ ਸੱਤਾ ਦੀ ਕੁਰਸੀ ਹਾਸਲ ਕਰਨਾ ਚਾਹੁੰਦੇ ਸਨ। ਦੇਸ਼ ਦੀ ਆਜ਼ਾਦੀ ਵੇਲੇ ਸਿਆਸਤਦਾਨਾਂ ਨੇ ਅੰਗਰੇਜ਼ਾਂ ਨਾਲ ਮਿਲੀਭੁਗਤ ਕਰਕੇ ਆਮ ਲੋਕਾਂ 'ਤੇ ਵੰਡ ਦਾ ਕੁਹਾੜਾ ਚਲਾਇਆ। ਇਸ ਤੋਂ ਬਾਅਦ, 1984 ਦਾ ਕਾਲਾ ਦੌਰ, ਸੰਤਾਪ ਅਤੇ ਖਾੜਕੂਵਾਦ ਦਾ ਭਿਆਨਕ ਦੌਰ ਵੀ ਪੰਜਾਬੀਆਂ ਦੇ ਹਿੱਸੇ ਹੀ ਆਇਆ। ਅੱਜ ਵੀ ਹਾਲਾਤ ਇਹ ਹਨ ਕਿ ਰਾਜਨੀਤਕ ਅਤੇ ਆਰਥਿਕ ਅਸਥਿਰਤਾ ਕਾਰਨ ਪੰਜਾਬ ਦੇ ਨੌਜਵਾਨਾਂ ਨੂੰ ਮਜਬੂਰੀ ਵੱਸ, ਚੰਗੇ ਭਵਿੱਖ, ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੀ ਭਾਲ ਵਿੱਚ ਆਪਣੀ ਜਨਮ ਭੂਮੀ ਛੱਡ ਕੇ ਪ੍ਰਵਾਸ ਦਾ ਦਰਦ ਹੰਢਾਉਣਾ ਪੈ ਰਿਹਾ ਹੈ।

ਪੰਜਾਬ ਦੀ ਮੌਜੂਦਾ ਆਰਥਿਕਤਾ ਦੇ ਹਾਲਾਤ ਬੇਹੱਦ ਚਿੰਤਾਜਨਕ ਹਨ। ਦੇਸ਼ ਦਾ ਪੇਟ ਭਰਨ ਵਾਲਾ ਪੰਜਾਬ ਦਾ ਕਿਸਾਨ ਅੱਜ ਖ਼ੁਦ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ। ਇੱਕ ਅਨੁਮਾਨ ਮੁਤਾਬਕ ਪੰਜਾਬ ਦੇ 80% ਤੋਂ ਵੱਧ ਕਿਸਾਨੀ ਪਰਿਵਾਰ ਕਰਜ਼ਾਈ ਹਨ, ਜਿਨ੍ਹਾਂ ਵਿੱਚੋਂ ਬਹੁਤਾਤ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਹੈ, ਜਿਨ੍ਹਾਂ ਕੋਲ ਜ਼ਮੀਨਾਂ ਦੇ ਨਾਂ 'ਤੇ ਮਹਿਜ਼ ਢਾਈ ਤੋਂ ਪੰਜ ਏਕੜ ਹੀ ਬਚੇ ਹਨ। ਦੂਜੇ ਪਾਸੇ, ਸੂਬੇ ਸਿਰ ਕੁੱਲ ਕਰਜ਼ਾ 3.5 ਲੱਖ ਕਰੋੜ ਰੁਪਏ ਤੋਂ ਵੀ ਪਾਰ ਲੰਘ ਚੁੱਕਾ ਹੈ।

ਪੰਜਾਬ ਵਿੱਚ ਖੇਤੀ 'ਤੇ ਅਧਾਰਿਤ ਉਦਯੋਗਾਂ ਅਤੇ ਕਾਰਖਾਨਿਆਂ ਦੀ ਪਹਿਲਾਂ ਹੀ ਭਾਰੀ ਘਾਟ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਸਿਆਸਤਦਾਨਾਂ ਦੀਆਂ ਨਿਕੰਮੀਆਂ ਨੀਤੀਆਂ ਅਤੇ ਅਣਗਹਿਲੀ ਕਾਰਨ ਪੰਜਾਬ ਵਿੱਚ ਪਹਿਲਾਂ ਤੋਂ ਚੱਲ ਰਹੇ ਸਥਾਪਿਤ ਉਦਯੋਗ ਵੀ ਦਮ ਤੋੜ ਗਏ। ਜਲੰਧਰ ਦਾ ਵਿਸ਼ਵ ਪ੍ਰਸਿੱਧ ਖੇਡਾਂ ਦਾ ਉਦਯੋਗ (ਸਪੋਰਟਸ ਗੁੱਡਜ਼), ਲੁਧਿਆਣੇ ਤੇ ਅੰਮ੍ਰਿਤਸਰ ਦੇ ਕਢਾਈ ਤੇ ਟੈਕਸਟਾਈਲ ਦੇ ਕਾਰਖਾਨੇ ਅਤੇ ਮਾਲਵੇ ਦੀਆਂ ਕੋਟਨ ਮਿੱਲਾਂ ਸਿਆਸੀ ਅਣਦੇਖੀ ਕਾਰਨ ਹੌਲੀ-ਹੌਲੀ ਪੰਜਾਬ ਵਿੱਚੋਂ ਬਾਹਰ ਦੂਜੇ ਸੂਬਿਆਂ ਵੱਲ ਪਲਾਇਨ ਕਰ ਗਈਆਂ। ਇਸ ਸਨੱਅਤੀ ਉਜਾੜੇ ਨੇ ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਕੇ ਰੱਖ ਦਿੱਤੀ ਹੈ ਅਤੇ ਲੱਖਾਂ ਨੌਜਵਾਨਾਂ ਤੋਂ ਰੋਜ਼ਗਾਰ ਖੋਹ ਲਿਆ ਹੈ। ਪਰ ਸਾਡੇ ਰਾਜਨੇਤਾ ਇਸ ਭਿਆਨਕ ਆਰਥਿਕ ਤੇ ਉਦਯੋਗਿਕ ਸੰਕਟ ਤੋਂ ਪੂਰੀ ਤਰ੍ਹਾਂ ਮੁੱਖ ਮੋੜੀ ਬੈਠੇ ਹਨ ਅਤੇ ਫੋਕੇ ਲਾਰੇ ਲਾ ਕੇ ਵੋਟਾਂ ਦੀ ਰਾਜਨੀਤੀ ਕਰ ਰਹੇ ਹਨ।

ਸਮੇਂ-ਸਮੇਂ 'ਤੇ ਕਾਂਗਰਸ, ਅਕਾਲੀ-ਭਾਜਪਾ ਅਤੇ ਹੁਣ ਆਮ ਆਦਮੀ ਪਾਰਟੀ ਨੇ ਸੱਤਾ ਦੇ ਸੁਖ ਭੋਗੇ, ਪਰ ਈਰਖਾ, ਦਵੈਤ ਅਤੇ ਵੋਟ-ਬੈਂਕ ਦੀ ਨੀਤੀ ਨੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਨੂੰ ਛੱਲਣੀ ਕਰ ਦਿੱਤਾ। ਸ਼ੁਰੂਆਤੀ ਦੌਰ ਵਿੱਚ ਖੇਤਰੀ ਪਾਰਟੀਆਂ ਨੇ ਸੂਬਾਈ ਸਵੈ-ਮੁਖਤਿਆਰੀ ਅਤੇ ਫੈਡਰਲ ਢਾਂਚੇ ਦੀ ਮਜ਼ਬੂਤੀ ਲਈ ਵੱਡੀ ਭੂਮਿਕਾ ਨਿਭਾਈ ਸੀ, ਪਰ ਸਮੇਂ ਦੇ ਨਾਲ-ਨਾਲ ਸੱਤਾ ਦੀ ਭੁੱਖ ਨੇ ਇਹਨਾਂ ਖੇਤਰੀ ਤਾਕਤਾਂ ਨੂੰ ਵੀ ਕਮਜ਼ੋਰ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਪੰਜਾਬ ਦੀਆਂ ਹੱਕੀ ਮੰਗਾਂ ਅਤੇ ਪੰਥਕ ਸੋਚ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਅੱਜ ਕਈ ਧੜਿਆਂ ਵਿੱਚ ਵੰਡਿਆ ਜਾ ਚੁੱਕਾ ਹੈ। ਇੱਕ ਪਾਸੇ ਬਾਦਲ ਪਰਿਵਾਰ ਦੇ ਕਬਜ਼ੇ ਵਾਲਾ ਅਕਾਲੀ ਦਲ ਹੈ ਜੋ ਪਰਿਵਾਰਵਾਦ ਅਤੇ ਮੌਕਾਪ੍ਰਸਤੀ ਦੀ ਰਾਜਨੀਤੀ ਕਾਰਨ ਆਮ ਪੰਜਾਬੀਆਂ ਦੇ ਵਿਸ਼ਵਾਸ ਤੋਂ ਦੂਰ ਹੋ ਚੁੱਕਾ ਹੈ; ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ/ਮਾਨ) ਅਤੇ ਹੋਰ ਅਕਾਲੀ ਧੜੇ ਹਨ, ਜੋ ਆਪਣੀਆਂ ਵੱਖੋ-ਵੱਖਰੀਆਂ ਸਰਗਰਮੀਆਂ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਹਲਚਲ ਤਾਂ ਪੈਦਾ ਕਰਦੇ ਹਨ, ਪਰ ਇੱਕਮੁੱਠ ਆਗੂਪੁਣੇ ਦੀ ਘਾਟ ਕਾਰਨ ਲੋਕਾਂ ਨੂੰ ਕੋਈ ਠੋਸ ਵਿਕਲਪ ਨਹੀਂ ਦੇ ਪਾ ਰਹੇ। ਇਹ ਸਾਰੇ ਧੜੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਦੀਆਂ ਵੱਖ-ਵੱਖ ਮਿਸਲਾਂ ਦੇ ਆਪਸੀ ਨਿਘਾਰ ਦੀ ਯਾਦ ਦਿਵਾਉਂਦੇ ਹਨ, ਜਿਨ੍ਹਾਂ ਦੀ ਫੁੱਟ ਦਾ ਫ਼ਾਇਦਾ ਅੰਗਰੇਜ਼ਾਂ ਨੇ ਉਠਾਇਆ ਸੀ।

ਅੱਜ ਵੀ ਉਹੀ ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਵਿੱਚ ਆਪਣੀ ਜ਼ਮੀਨ ਤਲਾਸ਼ਣ ਲਈ ਹੋਰਨਾਂ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੇ ਨਾਲ ਮਿਲਾ ਕੇ ਖੇਤਰੀ ਤਾਕਤਾਂ ਨੂੰ ਖ਼ਤਮ ਕਰਨ ਦੇ ਯਤਨਾਂ ਵਿੱਚ ਹੈ। ਉਹ ਪੰਜਾਬ ਦੇ ਲਹਿਣੇਦਾਰਾਂ, ਢੁੱਠਾਂ ਵਾਲੇ ਨੇਤਾਵਾਂ 'ਚੋ ਗੱਦਾਰ ਲੱਭ ਰਹੀ ਹੈ, ਤਾਂ ਕਿ ਪੰਜਾਬ ਨੂੰ ਹਰ ਹੀਲੇ ਕਾਬੂ ਕੀਤਾ ਜਾਏ। ਦੂਜੇ ਪਾਸੇ, ਆਪਣੇ ਹੱਕਾਂ ਲਈ ਲੜਨ ਵਾਲੇ ਕਿਸਾਨਾਂ ਨੂੰ ਭਾਜਪਾ ਨੇਤਾਵਾਂ ਵੱਲੋਂ 'ਅੰਦੋਲਨਜੀਵੀ' ਆਖਣਾ, ਜਾਗਰੂਕ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲੀ' ਜਾਂ 'ਸ਼ਹਿਰੀ ਨਕਸਲ' ਵਰਗੇ ਖ਼ਿਤਾਬ ਦੇਣਾ ਅਸਲ ਵਿੱਚ ਉਨ੍ਹਾਂ ਨੇਤਾਵਾਂ ਦੀ ਸੰਕੁਚਿਤ ਅਤੇ ਗੋਹਾ-ਦਿਮਾਗ ਮਾਨਸਿਕਤਾ ਦੀ ਹੀ ਉਪਜ ਹੈ। ਆਪਣੇ ਹੀ ਦੇਸ਼ ਦੇ ਮਿਹਨਤੀ ਅੰਨਦਾਤੇ ਅਤੇ ਸੂਝਵਾਨ ਲੋਕਾਂ ਅਤੇ ਬੁੱਧੀਜੀਵੀਆਂ ਦਾ ਅਪਮਾਨ ਕਰਕੇ ਸੱਤਾਧਾਰੀ ਆਗੂ ਆਪਣੀ ਬੌਧਿਕ ਕੰਗਾਲੀ ਦਾ ਪ੍ਰਗਟਾਵਾ ਕਰਦੇ ਹਨ।

ਪਰ ਇਸ ਤ੍ਰਾਸਦੀ ਅਤੇ ਸੰਕਟ ਦੇ ਵਿਚਕਾਰ ਪੰਜਾਬੀਆਂ ਲਈ ਇੱਕ ਬਹੁਤ ਵੱਡਾ ਮਾਣ ਵਾਲਾ ਪੱਖ ਵੀ ਹੈ। ਪੰਜਾਬ ਦੇ ਕਿਸਾਨਾਂ ਨੇ ਹਰੀ ਕ੍ਰਾਂਤੀ ਦੇ ਦੌਰ ਵਿੱਚ ਆਪਣੀ ਅਣਥੱਕ ਮਿਹਨਤ ਨਾਲ ਅਜਿਹੇ ਦਿਸਹੱਦੇ ਸਿਰਜੇ ਕਿ ਭੁੱਖਮਰੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਪੂਰੇ ਭਾਰਤ ਦਾ ਪੇਟ ਭਰ ਕੇ 'ਦੇਸ਼ ਦੇ ਅੰਨਦਾਤੇ' ਦਾ ਖ਼ਿਤਾਬ ਹਾਸਲ ਕੀਤਾ। ਪੰਜਾਬ ਨੇ ਆਪਣੇ ਜਲ ਅਤੇ ਜ਼ਮੀਨ ਦੇ ਸਰੋਤਾਂ ਦਾ ਲੇਖਾ ਲਾ ਕੇ ਵੀ ਪੂਰੇ ਦੇਸ਼ ਨੂੰ ਅਨਾਜ ਵਿੱਚ ਆਤਮ-ਨਿਰਭਰ ਬਣਾਇਆ, ਜੋ ਹਰ ਪੰਜਾਬੀ ਲਈ ਇੱਕ ਬੇਮਿਸਾਲ ਗੌਰਵ ਦੀ ਗੱਲ ਹੈ। ਇਸ ਤੋਂ ਇਲਾਵਾ, ਭਾਵੇਂ ਪੰਜਾਬ ਦੇ ਲੋਕਾਂ ਨੂੰ ਮਜਬੂਰੀ ਵੱਸ ਪ੍ਰਵਾਸ ਦਾ ਦਰਦ ਹੰਢਾਉਣਾ ਪਿਆ, ਪਰ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਸਮੇਤ ਦੁਨੀਆ ਭਰ ਵਿੱਚ ਜਾ ਕੇ ਪੰਜਾਬੀਆਂ ਨੇ ਆਪਣੀ ਮਿਹਨਤ ਦੇ ਝੰਡੇ ਗੱਡੇ ਹਨ। ਕੈਨੇਡਾ ਤੇ ਅਮਰੀਕਾ ਵਿੱਚ ਪੰਜਾਬੀ ਅੱਜ ਖੇਤੀਬਾੜੀ ਦੇ ਬਾਦਸ਼ਾਹ ਮੰਨੇ ਜਾਂਦੇ ਹਨ, ਜਿੱਥੇ ਉਨ੍ਹਾਂ ਨੇ ਹਜ਼ਾਰਾਂ ਏਕੜ ਜ਼ਮੀਨਾਂ ਵਿੱਚ ਬੇਮਿਸਾਲ ਮੱਲਾਂ ਮਾਰੀਆਂ ਹਨ। ਇੰਗਲੈਂਡ ਅਤੇ ਹੋਰ ਮੁਲਕਾਂ ਵਿੱਚ ਪੰਜਾਬੀਆਂ ਨੇ ਵੱਡੇ-ਵੱਡੇ ਉਦਯੋਗ ਅਤੇ ਵਪਾਰ ਸਥਾਪਿਤ ਕੀਤੇ ਹਨ। ਅਗਲੀ ਪੀੜ੍ਹੀ ਦੇ ਪੰਜਾਬੀ ਨੌਜਵਾਨ ਸਿਆਸਤ, ਪ੍ਰਸ਼ਾਸਨ, ਵਿਗਿਆਨ, ਵਪਾਰ ਅਤੇ ਤਕਨਾਲੋਜੀ ਦੇ ਹਰ ਖੇਤਰ ਵਿੱਚ ਉੱਚੇ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦਾ ਨਾਂ ਰੋਸ਼ਨ ਕਰ ਰਹੇ ਹਨ। ਇਨ੍ਹਾਂ ਵੱਡੀਆਂ ਆਰਥਿਕ ਤੇ ਰਾਜਨੀਤਕ ਪ੍ਰਾਪਤੀਆਂ ਤੋਂ ਵੀ ਵੱਡੀ ਮਾਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਪ੍ਰਵਾਸੀ ਪੰਜਾਬੀਆਂ ਨੇ ਸੱਤ ਸਮੁੰਦਰੋਂ ਪਾਰ ਬੈਠ ਕੇ ਵੀ ਆਪਣੀ ਮਾਂ-ਬੋਲੀ ਪੰਜਾਬੀ, ਵਿਰਸੇ, ਪਹਿਰਾਵੇ ਅਤੇ ਸੱਭਿਆਚਾਰ ਨੂੰ ਪੂਰੀ ਸ਼ਾਨ ਨਾਲ ਜਿਊਂਦਾ ਰੱਖਿਆ ਹੋਇਆ ਹੈ। ਉਹ ਦੁਨੀਆ ਦੇ ਬਹੁ-ਸੱਭਿਆਚਾਰਕ ਸਮਾਜ ਵਿੱਚ ਪੰਜਾਬੀ ਸੋਚ, ਦਿੱਖ ਅਤੇ ਪਛਾਣ ਦਾ ਲੋਹਾ ਮਨਵਾ ਰਹੇ ਹਨ, ਜਿਸ 'ਤੇ ਹਰ ਪੰਜਾਬੀ ਮਾਣ ਕਰਦਾ ਹੈ।

ਪਰ ਅੱਜ ਵੀ ਪੰਜਾਬ ਦੇ ਆਮ ਲੋਕ ਢਿੱਡ ਨੂੰ ਝੁਲਕਾ ਦੇਣ ਲਈ ਦਿਨ-ਰਾਤ ਹੱਡ-ਭੰਨਵੀਂ ਮਿਹਨਤ ਕਰਦੇ ਹਨ, ਉਹ ਬੇਰੋਜ਼ਗਾਰੀ ਅਤੇ ਮਹਿੰਗਾਈ ਦੀ ਚੱਕੀ ਵਿੱਚ ਪਿਸ ਰਹੇ ਹਨ। ਸਿੱਖਿਆ, ਸਿਹਤ ਸਹੂਲਤਾਂ ਤੋਂ ਵਿਰਵੇ ਹਨ। ਉਹ ਕਿਸੇ ਅਜਿਹੀ ਉਮੀਦ ਦੀ ਕਿਰਨ ਦੀ ਤਲਾਸ਼ ਵਿੱਚ ਹਨ, ਜੋ ਉਨ੍ਹਾਂ ਦੇ ਜੀਵਨ ਵਿੱਚ ਸੁਧਾਰ ਲਿਆ ਸਕੇ। ਪਰ ਸਰਕਾਰਾਂ ਕੋਲ ਕੋਈ ਠੋਸ ਨੀਤੀ ਜਾਂ ਵਿਜ਼ਨ ਨਹੀਂ ਹੈ; ਬੱਸ ਮੁਫ਼ਤ ਦੀਆਂ ਰੇਵੜੀਆਂ, ਬਿਜਲੀ ਬਿੱਲ ਮਾਫ਼ੀ ਅਤੇ ਇੱਕ-ਦੂਜੇ 'ਤੇ ਦੂਸ਼ਣਬਾਜ਼ੀ ਕਰਨ ਦੀ ਰਣਨੀਤੀ ਹੀ ਚੱਲ ਰਹੀ ਹੈ।

ਇਨ੍ਹਾਂ ਤਮਾਮ ਚੁਣੌਤੀਆਂ ਅਤੇ ਦੁਖਾਂਤਾਂ ਦੇ ਬਾਵਜੂਦ, ਪੰਜਾਬ ਦੀ ਧਰਤੀ ਅੱਜ ਵੀ ਜਰਖੇਜ਼ ਹੈ ਅਤੇ ਇਸ ਦਾ ਇਤਿਹਾਸ ਤੇ ਸੱਭਿਆਚਾਰ ਮਾਣਮੱਤਾ ਹੈ। ਪੰਜਾਬੀਆਂ ਨੂੰ ਆਪਣੇ ਸੰਘਰਸ਼ੀ ਇਤਿਹਾਸ 'ਤੇ ਗੌਰਵ ਹੈ। ਇਹ ਉਹੀ ਪੰਜਾਬੀ ਹਨ ਜਿਨ੍ਹਾਂ ਨੇ ਐਮਰਜੈਂਸੀ ਵੇਲੇ ਦੇਸ਼ ਵਿੱਚ ਲੋਕਤੰਤਰ ਦੀ ਬਹਾਲੀ ਲਈ ਅਗਵਾਈ ਕੀਤੀ, ਫੈਡਰਲ ਢਾਂਚੇ ਦੀ ਮਜ਼ਬੂਤੀ ਲਈ ਆਵਾਜ਼ ਬੁਲੰਦ ਕੀਤੀ ਅਤੇ ਇਤਿਹਾਸਕ ਕਿਸਾਨ ਅੰਦੋਲਨ ਵਿੱਚ ਇੱਕਮੁੱਠ ਹੋ ਕੇ ਦਿੱਲੀ ਦੀਆਂ ਹਿੱਕਾਂ 'ਤੇ ਗੱਡ ਕੇ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਪੰਜਾਬ ਭਾਰੀ ਕਰਜ਼ੇ, ਨਸ਼ਿਆਂ ਦੀ ਮਾਰ, ਜਵਾਨੀ ਦੇ ਪ੍ਰਵਾਸ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਵਰਗੇ ਗੰਭੀਰ ਚੈਲੇਂਜਾਂ ਦਾ ਸਾਹਮਣਾ ਕਰ ਰਿਹਾ ਹੈ। ਪਰ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਇਸ ਧਰਤੀ ਨੇ ਹਮੇਸ਼ਾ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕੀਤਾ ਹੈ ਅਤੇ ਗੱਦਾਰਾਂ ਨੂੰ ਸਦਾ ਫਿਟਕਾਰਿਆ ਹੈ। ਅੱਜ ਵੀ ਪੰਜਾਬ ਦੇ ਦਰਦ ਨੂੰ ਸਮਝਣ ਵਾਲੇ ਸੂਝਵਾਨ, ਸੰਜੀਦਾ ਅਤੇ ਰੋਸ਼ਨ ਖ਼ਿਆਲ ਲੋਕ ਇੱਕ ਨਵੀਂ ਸਵੇਰ ਦੀ ਤਲਾਸ਼ ਵਿੱਚ ਸੰਘਰਸ਼ ਦੇ ਰਾਹ 'ਤੇ ਅੱਗੇ ਵਧ ਰਹੇ ਹਨ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਗਲੋਬਲ ਪਰਵਾਸੀ ਸੀਨੀਅਰ ਸੁਸਾਇਟੀ ਵਾਲੇ ਬਜ਼ੁਰਗਾਂ ਨੇ ਹੈਰੀਟੇਜ ਪਾਰਕ ਦਾ ਟੂਰ ਲਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਲੋਬਲ ਪ੍ਰਵਾਸੀ ਸੀਨੀਅਰਜ਼ ਸੋਸਾਇਟੀ ਨੇ ਬੀਤੇ ਦਿਨੀ ਕੈਲਗਰੀ ਦੇ ਹੈਰੀਟੇਜ ਪਾਰਕ ਦਾ ਦੌਰਾ ਕੀਤਾ। ਸੋਸਾਇਟੀ ਦੇ ਪ੍ਰਧਾਨ ਸਤਪਾਲ ਕੌਸ਼ਿਲ ਨੇ ਦੱਸਿਆ ਕਿ ਇਸ ਦੌਰੇ ਦਾ ਉਦੇਸ਼ ਭਾਈਚਾਰੇ ਦੇ ਬਜ਼ੁਰਗਾਂ ਵਿੱਚ ਬੋਰੀਅਤ, ਇੱਕਸਾਰਤਾ ਅਤੇ ਇਕੱਲਤਾ ਨੂੰ ਦੂਰ ਕਰਨਾ ਸੀ। 72 ਤੋਂ ਵੱਧ ਬਜ਼ੁਰਗਾਂ ਨੇ ਸਮਾਜਿਕ ਭਾਗੀਦਾਰੀ ਵਿੱਚ ਵਾਧੇ ਦੇ ਨਾਲ ਆਰਾਮਦਾਇਕ ਵਾਤਾਵਰਣ ਦਾ ਆਨੰਦ ਮਾਣਿਆ। ਸੋਸਾਇਟੀ ਦੇ 18 ਵਲੰਟੀਅਰਾਂ ਦੁਆਰਾ ਬਜ਼ੁਰਗਾਂ ਨੂੰ ਮੁਫਤ ਸਵਾਰੀਆਂ ਪ੍ਰਦਾਨ ਕਰਨ ਲਈ ਸ਼ਾਨਦਾਰ ਯਤਨ ਕੀਤੇ ਗਏ ਜੋ ਕੈਲਗਰੀ ਆਵਾਜਾਈ ਦੀ ਵਰਤੋਂ ਕਰਨ ਵਿੱਚ ਅਸਮਰੱਥ ਸਨ। ਸੋਸਾਇਟੀ ਦੇ ਵਲੰਟੀਅਰਾਂ ਦੁਆਰਾ ਇੱਕ ਜਾਂ ਦੂਜੇ ਰੂਪ ਵਿੱਚ ਅਪੰਗਤਾ ਵਾਲੇ ਬਹੁਤ ਸਾਰੇ ਬਜ਼ੁਰਗਾਂ ਦੀ ਲੋੜੀਂਦਾ ਲੌਜਿਸਟਿਕਸ ਸਹਾਇਤਾ ਪ੍ਰਦਾਨ ਕਰਕੇ ਮੱਦਦ ਕੀਤੀ ਗਈ। ਇਸ ਟੂਰ ਦਾ ਤਾਲਮੇਲ ਕਰਨ ਵਾਲੇ ਬਿੱਕਰ ਸਿੰਘ ਸੰਧੂ ਨੇ ਕਿਹਾ ਕਿ ਸੁਸਾਇਟੀ ਬਜ਼ੁਰਗਾਂ ਵਿੱਚ ਸਮਾਜਿਕ ਭਾਗੀਦਾਰੀ ਨੂੰ ਵਧਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਦੀਆਂ ਸ਼ਾਮਾਂ ਵਿੱਚ ਸੈਰ ਕਰਦੇ ਸਮੇਂ ਇੱਕ ਸਿਹਤਮੰਦ ਜੀਵਨ ਜੀਉਣ ਦੇ ਯੋਗ ਹੋ ਸਕਣ। ਕੁੱਝ ਮੈਂਬਰਾਂ ਨੇ ਮੰਨਿਆ ਕਿ ਇਸ ਦੌਰੇ ਨੇ ਨਾ ਸਿਰਫ਼ ਉਨ੍ਹਾਂ ਦੇ ਗਿਆਨ ਅਤੇ ਤਜਰਬੇ ਵਿੱਚ ਵਾਧਾ ਕੀਤਾ ਹੈ, ਸਗੋਂ ਨਵੇਂ ਸਬੰਧ ਕਾਇਮ ਕਰਨ ਅਤੇ ਮਜ਼ਬੂਤ ਸਮਾਜਿਕ ਬੰਧਨ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਸਾਰੇ ਭਾਗ ਲੈਣ ਵਾਲੇ ਸੀਨੀਅਰਾਂ ਨੇ ਧੰਨਵਾਦ ਦੀ ਭਾਵਨਾ ਨਾਲ ਸਵੀਕਾਰ ਕੀਤਾ ਕਿ ਅਜਿਹੇ ਇਕੱਠ ਨਾ ਸਿਰਫ਼ ਉਨ੍ਹਾਂ ਦੇ ਜੀਵਨ ਵਿੱਚ ਕੁੱਝ ਹੱਦ ਤੱਕ ਆਰਾਮ ਅਤੇ ਸਹੂਲਤ ਲਿਆਉਂਦੇ ਹਨ, ਸਗੋਂ ਸਮਾਜਿਕ ਸਬੰਧ ਬਣਾਉਣ, ਆਪਸੀ ਸਹਾਇਤਾ ਵਧਾਉਣ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਲਈ ਵੀ ਬਹੁਤ ਅੱਗੇ ਵਧਦੇ ਹਨ। ਸੁਸਾਇਟੀ ਦੇ ਸਾਰੇ ਮੈਂਬਰਾਂ ਨੇ ਸੁਰਿੰਦਰ ਕਾਲੀਆ ਦਾ ਇਸ ਨੇਕ ਕੰਮ ਲਈ ਵਲੰਟੀਅਰਾਂ ਨੂੰ ਪ੍ਰੇਰਿਤ ਕਰਨ ਅਤੇ ਬੱਸਾਂ, ਬਜ਼ੁਰਗਾਂ ਦੀ ਸਪਲਾਈ, ਭੋਜਨ, ਰਿਫਰੈਸ਼ਮੈਂਟ ਅਤੇ ਲੋੜੀਂਦੀ ਸਹਾਇਤਾ ਦਾ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ।

# ਅਰਪਨ ਲਿਖਾਰੀ ਸਭਾ ਦੀ ਮਿਲਣੀ ਮੌਕੇ ਬਾਬੂ ਰਜਬ ਅਲੀ ਨੂੰ ਚੇਤੇ ਕੀਤਾ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ 8 ਅਗਸਤ ਨੂੰ ਕੋਸੋ ਹਾਲ ਵਿੱਚ ਹੋਈ ਮੀਟਿੰਗ ਬਾਬੂ ਰਜਬ ਅਲੀ ਖ਼ਾਨ ਦੀ 132ਵੀਂ ਵਰ੍ਹੇਗੰਢ ਨੂੰ ਸਮਰਪਿਤ ਰਹੀ। ਇਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਜਰਨੈਲ ਤੱਗੜ ਅਤੇ ਬੀਬੀ ਕਿਰਨਜੋਤ ਕੌਰ ਨੇ ਕੀਤੀ। ਸਭਾ ਦੇ ਸਤਿਕਾਰਯੋਗ ਮੈਂਬਰ ਲਖਵਿੰਦਰ ਜੌਹਲ ਦੇ ਸਪੁੱਤਰ ਸੁਖਦੀਪ ਜੌਹਲ ਦੀ ਬੇ-ਵਕਤ ਮੌਤ ਉਪਰ ਡੂੰਘੇ ਦੁੱਖ ਦਾ ਇਜ਼ਹਾਰ ਕਰ ਕੇ ਸ਼ਰਧਾਂਜਲੀ ਦਿੱਤੀ ਗਈ। ਸਕੱਤਰ ਦਰਸ਼ਨ ਬਰਾੜ ਨੇ ਊਧਮ ਸਿੰਘ ਦੀ ਸ਼ਹਾਦਤ ਨੂੰ ਇਨ੍ਹਾਂ ਸ਼ਬਦਾਂ ਨਾਲ਼ ਸਿਜਦਾ ਕੀਤਾ - ਊਧਮ ਸਿੰਘ ਨੇ ਭਾਜੀ ਮੋੜੀ ਅਤਿਆਚਾਰਾਂ ਦੀ। ਡਾ: ਮਨਮੋਹਨ ਬਾਠ ਦੇ ਗੀਤ - ਸੁਹਾਨੀ ਰਾਤ ਢਲ ਚੁਕੀ ਨ ਜਾਨੇ ਤੁਮ ਕਬ ਆਓਗੇ, ਸੋਹਣ ਸਿੰਘ ਭੁੱਚੋ ਦੇ ਗੀਤ - ਉਮਰਾਂ ਲਈ ਸਾਂਭ ਰੱਖਾਏ ਮਿਲ ਜਾਣ ਜੇ ਪਲਾਂ ਦੇ ਹਾਸੇ, ਸੁਖਮੰਦਰ ਗਿੱਲ ਦੇ ਗੀਤ - ਕਵਿਤਾ ਹਾਂ ਤੇਰੇ ਮਨ ਦੀ ਪੜ੍ਹ ਕੇ ਤਾਂ ਵੇਖ ਮੈਨੂੰ, ਜਤਿੰਦਰ ਕੈਂਥ ਦੇ ਗੀਤ - ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ, ਅਤੇ ਗੁਰਚਰਨ ਸਿੰਘ ਹੇਅਰ ਦੇ ਗਾਏ ਗੀਤ - ਭੁੱਲੀਂ ਨਾ ਜਵਾਨੀਏਂ ਤੂੰ ਤੋਰ ਨੀਂ, ਨੇ ਕਈ ਤਰ੍ਹਾਂ ਦਾ ਸਰੋਦੀ ਰੰਗ ਬੰਨ੍ਹਿਆਂ। ਸੁਰਿੰਦਰ ਗੀਤ ਨੇ ਆਪਣੀ ਕਵਿਤਾ ਤਰੱਨਮ ਵਿੱਚ ਪੇਸ਼ ਕੀਤੀ - ਆਪਣੀ ਆਪਣੀ ਮਨ ਦੀ ਮਮਟੀ ਉੱਤੇ ਦੀਵੇ ਧਰੀਏ / ਜੇ ਜੱਗ ਦੇ ਵਿੱਚ ਚਾਨਣ ਕਰਨਾ ਰੂਹਾਂ ਰੌਸ਼ਨ ਕਰੀਏ। ਲਖਵਿੰਦਰ ਸਿੱਧੂ , ਜਰਨੈਲ ਤੱਗੜ, ਸਰਵਣ ਸਿੰਘ ਸੰਧੂ, ਮੁਖਿੰਦਰਪਾਲ ਸਿੰਘ ਉਪਲ, ਮੋਹਨ ਸਿੰਘ ਪਪਰਾਲਾ, ਤਾਜਬੀਰ ਸਿੰਘ ਅਤੇ ਚਰਨਦੀਪ ਕੌਰ ਨੇ ਕਵਿਤਾਵਾਂ ਦਾ ਉਚਾਰਨ ਕੀਤਾ। ਜਸਵੀਰ ਸਿਹੋਤਾ ਨੇ ਦੋਹੇ ਸੁਣਾਏ। ਜ਼ੀਰ ਸਿੰਘ ਬਰਾੜ ਨੇ ਬਾਬੂ ਰਜਬ ਅਲੀ ਦੇ ਪਿੰਡ ਸਾਹੋ ਬਾਰੇ ਗੱਲ ਕੀਤੀ। ਮਾਸਟਰ ਹਰਭਜਨ ਸਿੰਘ ਨੇ ਫੂਕ ਛਕਾਉਣ ਬਾਰੇ ਮਜ਼ਾਕੀਆ ਲੇਖ ਪੜ੍ਹਿਆ। ਜੈ ਸਿੰਘ ਉਪਲ ਨੇ ਆਪਣੇ ਇਨਕਲਾਬੀ ਦੇਸ਼ ਭਗਤ ਬਾਬਾ ਜੀ ਬਾਲ ਸਿੰਘ ਦੇ ਸੰਘਰਸ਼ੀ ਮੋਰਚਿਆਂ ਅਤੇ ਗਤੀਵਿਧੀਆਂ ਬਾਰੇ ਦੁਰਲੱਭ ਇਤਿਹਾਸਕ ਜਾਣਕਾਰੀ ਸਾਂਝੀ ਕੀਤੀ। ਜਗਦੇਵ ਸਿੱਧੂ ਨੇ ਬਾਬੂ ਰਜਬ ਅਲੀ ਖ਼ਾਨ ਨੂੰ ਆਪਣੀ ਕਵਿਤਾ ਅਰਪਣ ਕੀਤੀ। ਜਸਵੰਤ ਸਿੰਘ ਸੇਖੋਂ ਨੇ ਡੋਲੀ ਛੰਦ ਰਾਹੀਂ 2015 ਦੇ ਪੰਜਾਬ ਵਿੱਚ ਆਏ ਹੜ੍ਹਾਂ ਦੀ ਦਾਸਤਾਨ ਪੇਸ਼ ਕੀਤੀ - ਆ ਗਈ ਮੀਂਹ ਬਣ ਕੇ ਦੁਨੀਆਂ ਦੀ ਬਰਬਾਦੀ। ਸਰੂਪ ਸਿੰਘ ਮੰਡੇਰ ਨੇ ਤਿੱਖੀ ਆਵਾਜ਼ ਵਿੱਚ ਕਲੀ ਪੇਸ਼ ਕੀਤੀ - ਭਗਤ ਅਕਾਲ ਪੁਰਖ ਦੇ ਦਾਨੀ ਨੇ ਸਰਬੰਸਾਂ ਦੇ, ਪੂਰੇ ਪਰਉਪਕਾਰੀ ਧਨੀ ਤੇਗ ਤਲਵਾਰ ਦੇ। ਸਤਨਾਮ ਢਾਅ ਨੇ ਦੋ ਤਰਜ਼ਾਂ ਦੀ ਕਵੀਸ਼ਰੀ ਪੇਸ਼ ਕੀਤੀ - ਰਿਸ਼ੀਆਂ ਦੇ ਭਾਰਤ ਦਾ ਹੋ ਗਿਆ ਉਲਟਾ ਕੁੱਲ ਵਰਤਾਰਾ। / ਡਾਚੀ ਵਾਲ਼ਿਆ ਬਲੋਚਾ ਦੱਸਾਂ ਗੱਲ ਮੈਂ ਖਰੀ, ਜੀਹਨੂੰ ਭਾਲ਼ਦਾ ਤੂੰ ਫਿਰਦਾ ਉਹ ਤੇਰੇ ਸਾਹਮਣੇ ਮਰੀ। ਇਨ੍ਹਾਂ ਤਿੰਨਾਂ ਕਵੀਸ਼ਰਾਂ ਨੇ ਬੁਲੰਦ ਆਵਾਜ਼ ਅਤੇ ਹਿੱਕ ਦੇ ਜ਼ੋਰ ਨਾਲ਼ ਕਵੀਸ਼ਰੀ ਪੇਸ਼ ਕਰ ਕੇ ਬਾਬੂ ਜੀ ਨੂੰ ਅਕੀਦਾ ਪੇਸ਼ ਕੀਤਾ। ਤਰਲੋਕ ਚੁੱਘ ਨੇ ਰਸੋਈ ਨਾਲ਼ ਸੰਬੰਧਤ ਚੁਟਕਲੇ ਸੁਣਾ ਕੇ ਹਾਸਰਸ ਪੈਦਾ ਕੀਤਾ। ਬਲਕਾਰ ਸਿੰਘ ਦਿਉਲ, ਮਹਿੰਦਰ ਕੌਰ ਕਾਲੀਰਾਏ, ਕਿਰਨਜੋਤ ਕੌਰ, ਸਤਨਾਮ ਸ਼ੇਰਗਿੱਲ ਅਤੇ ਸੁਖਦੇਵ ਕੌਰ ਢਾਅ ਨੇ ਆਮ ਚਰਚਾ ਵਿੱਚ ਯੋਗਦਾਨ ਪਾਇਆ। ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਭਰਵੀਂ ਹਾਜ਼ਰੀ ਲਈ ਸਾਰਿਆਂ ਦਾ ਧੰਨਵਾਦ ਕੀਤਾ।





# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਸਰਦਾਰ ਲੜਕਾ ਜਨਮ 1985,ਕੱਦ 6 ਫੁੱਟ,ਤਲਾਕ ਸ਼ੁਦਾ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵੈਲ ਸੈੱਟਲਡ ਲੜਕੇ ਕੋਲ ਆਪਣਾ ਘਰ ਹੈ। ਵਰਕ ਪਰਮਿਟ ਜਾਂ ਵਿਸਟਰ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ:1587 891 3187 ਜਾਂ 1778 388 8279 ***302***3***

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਲੜਕੀ ਜਨਮ 1998, ਕੱਦ 5 ਫੁੱਟ 3 ਇੰਚ, ਕੈਲਗਰੀ ਵਿੱਚ ਸੀ ਪੀ ਏ ਕਰ ਰਹੀ ਲਈ ਬਰਾਬਰ ਦੀ ਯੋਗਤਾ ਵਾਲੇ ਕੈਨੇਡੀਅਨ ਵੈਸ਼ਨੂੰ 10 ਕਿਲੇ ਤੋਂ ਉਪਰ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਸਿਰਫ ਜਿਲਾ ਲੁਧਿਆਣਾ ਜਾਂ ਅਲਬਰਟਾ ਵਾਲੇ ਸੰਪਰਕ ਕਰਨ।ਕਾਲ: 1 403 903 4592***302***3***

## ਲੜਕੀ ਦੀ ਲੋੜ

**ਜੱਟ ਸਿੱਖ ਕੰਗ ਪਰਿਵਾਰ ਦੇ ਰੋਪੜ ਜਿਲ੍ਹੇ ਨਾਲ ਸਬੰਧਿਤ,7 ਏਕੜ ਜਮੀਨ ਦੇ ਮਾਲਕ,ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਨਸ਼ਾ ਰਹਿਤ ਲੜਕੇ, ਜਨਮ 1995, ਕੱਦ 5 ਫੁੱਟ 11 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਈ ਸੀ ਈ,ਪਰੋਜੈਕਟ ਮੈਨੇਜਮੈਂਟ ਐਂਡ ਸਪਲਾਈ ਚੇਨ ਮੈਨੇਜਮੈਂਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਨੇਡਾ ਪੱਕੇ ਤੌਰ ਤੇ ਸੈਟਲ ਹੈ। ਮਾਤਾ ਪਿਤਾ ਕੋਲ ਵਿਜਟਿਰ ਵੀਜਾ ਹੈ। ਸੰਪਰਕ: 403 472 1361** **301*3**

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 9 ਇੰਚ,ਆਈ ਟੀ ਵੈਲਡਰ,ਆਈ ਟੀ ਪਲੰਬਰ,ਸਿਵਲ ਇੰਜੀਨੀਅਰ ਡਿਪਲੋਮਾ ਹੋਲਡਰ,ਹੁਣ ਡਰਾਇਵਾਲ ਦਾ ਕੰਮ ਕਰਦੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲਇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1403 477 5707 ਜਾਂ 1778 522 3061 ***301***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ (ਮੁੰਡੇ) ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1996, ਕੱਦ 5 ਫੁੱਟ 3 ਇੰਚ, ਪੜਾਈ ਲਿਖਾਈ: Bachelor of Commerce Honor’s in Accounting and Finance. Currently Pursuing accounting designation (CPA),ਸੀਨੀਅਰ ਅਕਾਊਟੈਂਟ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਇੱਕ ਭਰਾ ਹੈ ਜੋ ਵਿਆਹਿਆ ਹੋਇਆ ਹੈ। ਸੰਪਰਕ: 1 (403) 880-4806 ***301***3

## ਲੜਕੀਆਂ ਦੀ ਲੋੜ

ਪੰਜਾਬ ਦੇ ਜੰਮਪਲ,ਜੱਟ ਸਿੱਖ ਬੰਦੇਸਾ ਪਰਿਵਾਰ ਦੇ ਲੜਕੇ ਜਨਮ 1996, ਪੜਾਈ ਲਿਖਾਈ: ਬੀ ਟੈੱਕ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਪਰੋਜੈਕਟ ਮੈਨੇਜ ਮੈਂਟ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇਸੇ ਹੀ ਪਰਿਵਾਰ ਦੇ ਪੰਜਾਬ ਰਹਿੰਦੇ ਦੂਜੇ ਲੜਕੇ, ਜਨਮ 1994 ਪੜਾਈ ਲਿਖਾਈ ਐਮ ਏ ਇੰਗਲਿਸ਼, ਸਹਾਇਕ ਰਜਿਸਟਰਾਰ ਦੀ ਸਰਕਾਰੀ ਨੌਕਰੀ ਕਰਦੇ ਲਈ ਵੀ ਹਾਣ ਪ੍ਰਵਾਣ ਦੀ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 680 0132 ਜਾਂ ਇੰਡੀਆ ਵਟਸਐਪ: 91 94638 54302 ***301***3

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉਪਰ ਰਾਮਗੜ੍ਹੀਆ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ,ਆਟੋਮੋਬਾਈਲ ਡਿਪਲੋਮਾ ਹੋਲਡਰ ਹੁਣ ਕਾਰ ਮਕੈਨਿਕ ਦੀ ਜੌਬ ਕਰਦੇ ਲਈ ਕੈਨੇਡੀਅਨ ਪੀ ਆਰ,ਸਿਟੀਜ਼ਨ ,ਓਪਨ ਵਰਕਪਰਮਿਟ ਜਾਂ ਸਟੱਡੀ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1587 581 1371 ***301***3

## ਲੜਕੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਮੋਗਾ ਏਰੀਆ ਨਾਲ ਸਬੰਧਿਤ, ਜੱਟ ਸਿੱਖ ਸੰਧੂ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ,ਪੜਾਈ: +2, ਪਿੰਡ ਵਿੱਚ 4 ਕਿੱਲੇ ਜਮੀਨ ਅਤੇ ਵੱਡ ਅਕਾਰੀ ਕੋਠੀ ਦੇ ਮਾਲਕ ਲਈ ਕਨੇਡੀਅਨ ਸਿਟੀਜਨ, ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦੇ ਭੈਣ ਭਰਾ ਕੈਨੇਡਾ ਸੈਟਲ ਹਨ। ਮਾਤਾ ਪਿਤਾ ਕੋਲ ਕੈਨੇਡਾ ਦਾ ਵੀਜ਼ਾ ਹੈ। ਮੈਰਿਜ ਬਿਊਰੋ ਸੰਪਰਕ ਨਾ ਕਰਨ। ਕਾਲ: 403 690 7532 ***301***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਵੀਦਾਸੀਆ ਪਰਿਵਾਰ ਦੀ ਇੰਡੀਆ ਜੰਮੀ,ਕਨੇਡਾ ਵਿੱਚ ਪੜ੍ਹ-ਲਿਖ ਕੇ ਵੱਡੀ ਹੋਈ ਲੜਕੀ ਜਨਮ 1996, ਕੱਦ 5 ਫੁੱਟ 6 ਇੰਚ, ਬੀਐਸ ਸੀ ਨਰਸਿੰਗ ਐਂਡ ਬੀ ਐਸ ਸੀ ਸਾਇੰਸ, ਅਲਬਰਟਾ ਹੈਲਥ ਕੇਅਰ ਨਾਲ ਆਰ ਐਨ ਦੀ ਜੌਬ ਕਰਦੀ ਲਈ, ਕਨੇਡੀਅਨ ਸਿਟੀਜਨ ਪਰਿਵਾਰ ਦੇ ਵੈਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 897 6958 ਜਾਂ ਈ ਮੇਲ: harpal_bgr@yahoo.ca ***300***3

## ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਕੈਲਗਰੀ ਚਾਈਲਡ ਕੇਅਰ ਵਰਕ ਪਰਮਿਟ ਉੱਪਰ ਰਹਿੰਦੀ ਲੜਕੀ ਜਨਮ 1988, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈਸ਼ਨੂੰ ਸਰਦਾਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਏਰੀਆ ਨੂੰ ਪਹਿਲ, ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲਡ ਹੈ। ਤਲਾਕ ਸੁਦਾ ਜਾਂ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ਼: 403 617 2302 ***300***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅਰੋੜਾ(ਚੁੱਘ) ਪਰਿਵਾਰ ਦੇ ਕੈਲਗਰੀ ਰਹਿੰਦੇ,ਆਪਣਾ ਕਾਰੋਬਾਰ ਕਰਦੇ ਲੜਕੇ, ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਐਮ ਬੀ ਏ ਡਿਗਰੀ ਹੋਲਡਰ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 98149 50867 (ਵਟਸਐਪ) ***300***3

## ਲੜਕੀ ਦੀ ਲੋੜ

ਯੂ ਐਸ ਏ ਗਰੀਨ ਕਾਰਡ,ਵੈੱਲ ਸੈਟਲਡ, ਹੋਲਡਰ, ਲੁਬਾਣਾ (ਘੋਤੜਾ) ਪਰਿਵਾਰ ਦੇ ਲੜਕੇ ਜਨਮ 1996,ਕੱਦ 5 ਫੁੱਟ 8 ਇੰਚ, ਗਰੇਡ 12 ਪਾਸ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕੈਲਗਰੀ ਵਿੱਚ ਆਪਣਾ ਬਿਜਨਿਸ ਅਤੇ ਘਰ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵੈਲ ਸੈਟਲਡ ਹੈ। ਸੰਪਰਕ: 403 585 8878 ਜਾਂ ਈ ਮੇਲ: sukhjit90580@gmail.com ***300***3

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ। ਸੰਪਰਕ: 1587 707 3029 ***300***3

## ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂੰ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ। ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ। ਸੰਪਰਕ:1 403 472 0468 **299*3**

## ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 ‘33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 -18381, + 91 98724 98252 ***299***3***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***299***3***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਦੇਸਾ ਪਰਿਵਾਰ ਦੇ ਘਰਵਾਲੀ ਤੋਂ ਅਲੱਗ ਰਹਿ ਰਹੇ,ਉਮਰ 49 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਬੀ ਸੀ ਵਿੱਚ ਆਪਣਾ ਘਰ ਬਣਾਉਣ ਦਾ ਕਾਰੋਬਾਰ ਕਰਦੇ ਲਈ ਜੀਵਨ ਸਾਥਣ ਦੀ ਲੋੜ ਹੈ। ਸੰਪਰਕ: SSSWHITESOUTH80 @GMAIL.COM ***298***3

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਰਾਮਗੜੀਆ ਗੁਰਸਿੱਖ ਲੜਕੀ ਜਨਮ 1996, ਕੱਦ 5 ਫੁੱਟ 4 ਇੰਚ, ਕੈਲਗਰੀ ਰਹਿੰਦੀ ਲਈ ਚੰਗੇ ਪੜੇ ਲਿਖੇ ਕੈਲਗਰੀ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 98142 12395 ***298***3

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ,ਜਨਮ 1991,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੀ ਏ,ਬੀਐੱਡ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਕੰਮ ਕਰਦੀ,ਲਈ ਬਰਾਬਰ ਦੀ ਯੋਗਤਾ ਵਾਲੇ ਹਾਣ ਪ੍ਰਵਾਣ ਦੇ ਨਸ਼ਾ ਰਹਿਤ,ਵੈਸ਼ਨੂੰ,ਕਨੇਡੀਅਨ ਪੀ ਆਰ,ਸਿਟੀਜਨ, ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 1 306 501 6474 ਜਾਂ ਵਟਸਐਪ +91 90566 36305 ***298***3

## ਲੜਕੀ ਦੀ ਲੋੜ

ਜੱਟ ਸਿੱਖ ਬੈਂਸ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਮੰਗਲੀਕ ਲੜਕੇ ਜਨਮ 1990,ਕੱਦ 5 ਫੁੱਟ 8 ਇੰਚ, ਇਲੈਕਟਰੋਨਿਕ ਕਮਿਊਨੀਕੇਸ਼ਨ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਕਾਲ ਵਟਸਐਪ: 1 639 382 3055 ***298***3

## ਲੜਕੀ ਦੀ ਲੋੜ

35-year-Old/ 5’10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/ USA preferred. WhatsApp: -204-510-7658***300***3

## ਲੜਕੀ ਦੀ ਲੋੜ

ਆਸਟਰੇਲੀਆ ਸਿਟੀਜਨ, ਸ਼ਰਮਾ ਪਰਿਵਾਰ ਦੇ ਲੜਕੇ, ਉਮਰ 39 ਸਾਲ, ਕੱਦ 5 ਫੁੱਟ 8 ਇੰਚ, ਹੋਟਲ ਮੈਨੇਜਮੈਂਟ ਡਿਗਰੀ ਹੋਲਡਰ ਲਈ ਆਸਟਰੇਲੀਆ ਜਾਂ ਕੈਨੇਡਾ ਦੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਪੰਜਾਬ ਤੋਂ ਦੁਆਬਾ ਏਰੀਆ ਨੂੰ ਪਹਿਲ। ਸੰਪਰਕ : 403 890 7020 ***298***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

## ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

## ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉੱਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 825 889 1726 Email: parimnderisngh91726 @gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5'' feet, B. Tech & MBA, working in a leading company in management role. Boy should be well educated of good moral values either doing decent job or business. Cell no./ Whatsapp +1 587 434 0817 ***299***rana*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ। ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ। ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ। WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ। ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ। ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ। ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**

**@403-975-0128**



“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।

Email: punjabiakhbaar@gmail.com

403 640 2000

# ਕਲਮੀ ਸੱਥ

## ਸਮੇਂ ਦੀ ਚਾਲ

ਕ੍ਰਾਂਤੀ ਕਿਸ ਤਰਾਂ ਆਊ
ਹਵਾ ਦੀ ਚਾਲ ਮੱਠੀ ਹੈ
ਦੁਸ਼ਮਣ ਗਰਜ ਦਾ ਬੱਦਲ ,
ਬਨੇਰੇ ਢਾ ਰਿਹਾ ਸਾਡੇ ,
ਸੰਭਾਲੋ ਛਤਰੀਆਂ ਯਾਰੋ ,
ਸਾਡੀ ਰਫਤਾਰ ਮੱਠੀ ਹੈ ,
,ਵਕਤ ਨਹੀਂ ਸੌਣ ਦਾ ਯਾਰੋ
ਬਿਠਾ ਲਓ ਗੈਤੀਆਂ ਥੌੜੇ ,
ਚਰ ਰਿਹਾ ਖੇਤ ਮਿਹਨਤ ਦਾ ,
ਖੜਗ ਦੀ ਧਾਰ ਮੱਠੀ ਹੈ ,
ਵੰਡੀਆਂ ਧਰਮ ਜਾਤਾਂ ਵਿੱਚ ,
ਖੁਦਾ ਦੇ ਨਾਮ ਤੇ ਪਾ ਕੇ ,
,ਕਦੋਂ ਆਊ ਸਮਝ ਸਾਨੂੰ ,
,ਸਮੇਂ ਦੀ ਤਾਲ ਮੱਠੀ ਹੈ ,
ਕ੍ਰਾਂਤੀ ਕਿਸ ਤਰ੍ਹਾਂ ਆਊ ,
ਹਵਾ ਦੀ ਚਾਲ ਮੱਠੀ ਹੈ ;

**ਬਲਵਿੰਦਰ ਸਿੰਘ ਕੋਠਾ ਗੁਰੂ**

## ਮੀਹ ਸਾਵਣ ਦਾ ਆਇਆ

ਮੀਹ ਸਾਬਣ ਦਾ ਆਇਆ ਚੜ ਕੇ
ਬੱਦਲ ਗਰਜੇ ਬਿਜਲੀ ਚਮਕੇ
ਕੱਚਾ ਘਰ ਬਨੇਰਾ ਖੁਰਿਆ ,
ਛੱਤ ਵੀ ਚੋਵੇ ਬਾਲੇ ਲੱਗ ਕੇ
ਚਾਰ ਜਵਾਕ ਦੋ ਮੰਜੇ ਜੁੱਲੀਆਂ ,ਬਚਨ ਸਿਉ ਦੀਆਂ ਫੌਜਾਂ ਰੁਲੀਆਂ
ਚਾਰੇ ਬੱਚੇ ਉੱਲੂਆਂ ਵਾਂਗੂ ,ਵੇਖਣ ਜਿਵੇਂ ਭਰਿੰਡਾ ਲੜੀਆਂ
ਗਊ ਬੱਕਰੀ ਢਾਰੇ ਦੇ ਵਿੱਚ ,ਕੰਬਣ ਭੁੱਖੀਆਂ ਡਰੀਆਂ ਖੜੀਆਂ
ਭਿਜਿਆ ਬਾਪੂ ਟੀਟੀ ਬਣਿਆ ,ਗਾਉਂਦਾ ਆਵੇ ਮਾਣਕ ਦੀਆਂ ਕਲੀਆਂ
ਸੱਖਣੀ ਤੌੜੀ ਗਿੱਲਾ ਬਾਲਣ ,ਚੁੱਲੇ ਵਿੱਚ ਨਾ ਅੱਗਾਂ ਬਲੀਆਂ
ਲੈਣ ਗਈ ਮਾਂ ਧੀ ਬੱਚਿਆਂ ਲਈ ,ਅਜੇ ਤੱਕ ਨਾ ਗਊਆਂ ਮੁੜ ਗਈਆਂ
,ਆਟੇ ਦਾਲ ਦੀ ਕੀਮਤ ਤਾਰਨ ਘਰ ਘਰ ਤੁਰੀਆਂ ਬੁੜੀਆਂ ਕੁੜੀਆਂ
ਸੌਣ ਮਹੀਨਾ ਝੱਖੜਾਂ ਵਿੱਚ ਕਈ ਅਵਲਾ ਦੀਆਂ ਸਧਰਾਂ ਰੁਲੀਆਂ
ਬਚਨ ਸਿਉਂ ਦੀਆਂ ਫੌਜਾਂ ਰੁਲੀਆਂ

**ਬਲਵਿੰਦਰ ਸਿੰਘ ਕੋਠਾ ਗੁਰੂ**

## ਸੱਚੇ ਰੱਬ ਕੋਲੋਂ ਨਿੱਤ ਮੰਗਾਂ

ਸੱਚੇ ਰੱਬ ਕੋਲੋਂ ਨਿੱਤ ਮੰਗਾਂ ਮੈਂ ਦੁਆਵਾਂ ਚੜ੍ਹੇ ਜੱਗ ਉੱਤੇ ਐਸੀ ਨੀ ਸਵੇਰ
ਖੁਸ਼ੀਆਂ ਦੀ ਧੁੱਪ ਪਵੇ ਸਾਰੇ ਹੀ ਬਨੇਰਿਆਂ ਤੇ ਗ਼ਮਾਂ ਵਾਲਾ ਮੁੱਕ ਜੇ ਹਨੇਰ
ਮੈਂ ਕੀ ਲੈਣਾ ਸ਼ਬਦ ਦਾ ਬਣਿਆ ਜੋ ਗਹਿਣਾ ਅਸੀਂ ਹੱਥੋ ਹੱਥੀਂ ਸਾਰਿਆਂ ਖਰੀਦਿਆ
ਸੁਆਰਥ ਦਾ ਪੌਦਾ ਉੱਗ ਪਿਆ। ਸਾਰੇ ਘਰਾਂ ਵਿੱਚ ਬੀਜ ਕੇਹਾ ਸਾਥੋਂ ਗਿਆ ਬੀਜਿਆ
ਆਪਾਂ ਵਾਲੀ ਸੋਚ ਕਿਤੇ ਲੁਕ ਗਈ ਖੂੰਜੇ ਵਿੱਚ ਭੱਜੀ ਫਿਰੇ ਥਾਂ ਥਾਂ ਮੇਰ ਤੇਰ
ਸੱਚੇ ਰੱਬ ਕੋਲੋਂ ਨਿੱਤ ਮੰਗਾਂ-----
ਏਕ ਨੂਰ ਸੇ ਹੈ ਸਭ ਜੱਗ ਉਪਜਿਆ ਹੋਕਾ ਦੇਵੇ ਗਲੀ ਚ ਫਕੀਰ ਨੀ
ਗੱਲ ਸੁਣੋ ਉਸਦੀ ਤੇ ਮੇਟ ਦਿਓ ਮਨਾਂ ਵਿੱਚੋਂ ਊਚ ਨੀਚ ਵਾਲੀ ਇਹ ਲਕੀਰ ਨੀ
ਖੋਲੋ ਸਾਰੇ ਬੂਹੇ ਤੇ ਖੈਰ ਪਾਓ ਇਹਨੂੰ ਜਿਹੜਾ ਸੱਚ ਰਿਹਾ ਹੈ ਬਿਖੇਰ
ਸੱਚੇ ਰੱਬ ਕੋਲੋਂ ਨਿੱਤ ਮੰਗਾਂ----
ਆਟੇ ਦਾਲ਼ ਵਾਲੀ ਸਾਰੀ ਮੁੱਕ ਗਈ ਏ ਸਾਂਝ ਐਸਾ ਮਨਾਂ ਵਿੱਚ ਆ ਗਿਆ ਹੰਕਾਰ ਨੀ
ਸਾਕ ਸਕੀਰੀ ਵਾਲਾ ਮੋਹ ਸਭ ਭੰਗ ਹੋਇਆ ਦਿਲਾਂ ਵਿਚੋਂ ਉੱਡਿਆ ਪਿਆਰ ਨੀ
ਸਾਂਝੀਆਂ ਦੀਵਾਰਾਂ ਵਿਚੋਂ ਆਲ਼ੇ ਸਾਰੇ ਬੰਦ ਹੋਏ ਸੋਚਾਂ ਨੂੰ ਚੜ੍ਹੀ ਹੈ ਐਸੀ ਘੇਰ
ਸੱਚੇ ਰੱਬ ਕੋਲੋਂ ਨਿੱਤ ਮੰਗਾਂ------
ਸੁਖ ਅਤੇ ਚੈਨ ਸਾਡੀ ਜ਼ਿੰਦਗੀ ਚੋਂ ਚਲਾ ਗਿਆ ਸਮੇਂ ਐਸਾ ਖੇਲਿਆ ਏ ਖੇਲ਼ ਨੀ
ਦੇਸ਼ ਦਿਆਂ ਹਾਕਮਾਂ ਵੀ ਐਸੀ ਚਾਲ ਚੱਲੀ ਜੀਹਨੇ ਬਲ਼ਦੀ ਦੇ ਉੱਤੇ ਪਾਇਆ ਤੇਲ ਨੀ
ਚੰਦਰੀ ਇਹ ਰੀਤ ਕਿਥੋਂ ਮਨਾਂ ਵਿੱਚ ਵਸ ਗਈ ਸਾਡੀ ਰੂਹ ਨੂੰ ਲਿਆ ਏ ਜੀਹਨੇ ਘੇਰ
ਸੱਚੇ ਰੱਬ ਕੋਲੋਂ ਨਿੱਤ ਮੰਗਾਂ ---
ਸਾਰੀ ਦੁਨੀਆਂ ਚ ਕੇਹੀ ਵਗੀ ਏ ਹਨੇਰੀ ਹਰ ਪਾਸੇ ਹੋਈ ਜਾਵੇ ਕਹਿਰ ਨੀ
ਆਪਸੀ ਪਿਆਰਾਂ ਵਾਲੇ ਸ਼ਹਿਦ ਦੀ ਥਾਂ ਚਾਰੇ ਪਾਸੇ ਨਫਰਤਾਂ ਦਾ ਘੁਲਿਆ ਏ ਜ਼ਹਿਰ ਨੀ
ਬੈਠ ਸਾਰੇ ਅੰਤਰ ਮਨਾਂ ਦੇ ਵਿੱਚ ਝਾਤ ਪਾਈਏ ਕਿੱਥੇ ਹੋਇਆ ਸਾਥੋਂ ਹੇਰ ਫੇਰ
ਸੱਚੇ ਰੱਬ ਕੋਲੋਂ ਨਿੱਤ ਮੰਗਾਂ ਮੈਂ ਦੁਆਵਾਂ ਚੜ੍ਹੇ ਜੱਗ ਉੱਤੇ ਐਸੀ ਨੀ ਸਵੇਰ
ਖੁਸ਼ੀਆਂ ਦੀ ਧੁੱਪ ਪਵੇ ਸਾਰੇ ਹੀ ਬਨੇਰਿਆਂ ਤੇ ਗ਼ਮਾਂ ਵਾਲਾ ਮੁੱਕ ਜੇ ਹਨੇਰ

**ਸੋਹਣ ਭੁੱਚੋ ਆਲਾ**

## .ਗ਼ਜ਼ਲ

ਮੈਂ ਤਾਂ ਕਿਧਰੇ ਜਾਣਾ ਸੀ ਮਜ਼ਬੂਰੀ ਸੀ।
ਤੈਨੂੰ ਕਿਹੜਾ ਏਨਾਂ ਕੰਮ ਜ਼ਰੂਰੀ ਸੀ।
ਬਿਲਕੁਲ ਮੇਰੇ ਲਾਗੇ ਆ ਕੇ ਬਹਿਣਾ ਏਂ,
ਫਿਰ ਵੀ ਕਹਿਣਾਂ ਕੋਹਾਂ ਮੀਲਾਂ ਦੂਰੀ ਸੀ।
ਤੜਕ ਸਵੇਰੇ ਸੂਰਜ ਏਦਾਂ ਚੜ੍ਹਿਆ ਹੈ,
ਦਰਿਆ ਉਪਰ ਤਰਦੀ ਰੁੱਤ ਸਿੰਧੂਰੀ ਸੀ।
ਤੂੰ ਹੀਂ ਮੌਕੇ ਉਤੇ ਆ ਕੇ ਮੁਕਰ ਗਿਆ,
ਅਪਣੇ ਵੱਲੋਂ ਤਾਂ ਪੱਕੀ ਮੰਨਜ਼ੂਰੀ ਸੀ।
ਉਸ ਦੇ ਹੱਥਾਂ ਦੇ ਵਿਚ ਛਾਲੇ ਪੱਕ ਚੁੱਕੇ,
ਸਾਰੀ ਉਮਰੇ ਕੀਤੀ ਉਸ ਮਜ਼ਦੂਰੀ ਸੀ।
ਬੇਸ਼ਕ ਨੇਰ੍ਹੇ ਦੇ ਵਿਚ ਥਾਂ-ਥਾਂ ਭਟਕ ਰਹੀ,
ਐਪਰ ਧੁੱਪ ਦੀ ਕਾਤਰ ਫਿਰ ਵੀ ਨੂਰੀ ਸੀ।
ਚਿਹਰੇ ਦੇ ਵਿਚ ਸੂਰਜ ਕੋਈ ਚਮਕ ਰਿਹਾ,
ਇਸ ਦੇ ਪਿਛੇ ਦੇਸੀ ਘਿਉ ਦੀ ਚੂਰੀ ਸੀ।
ਰਖਵਾਲੀ ਤਾਂ ਕੰਢੇ ਸਾਰੇ ਕਰਦੇ ਨੇ,
ਕਿਹੜੀ ਗੱਲੇ ਫੁੱਲਾਂ ਵਿਚ ਮਗ਼ਰੂਰੀ ਸੀ।
ਬਾਰਿਸ਼ ਦਾ ਅਨੁਮਾਨ ਲਗਾਉਣਾ ਠੀਕ ਨਹੀਂ,
ਬੱਦਲਾਂ ਦੀ ਅੱਖ ਹਾਲੇ ਥੋੜ੍ਹੀ ਭੂਰੀ ਸੀ।
ਲੱਖਾਂ ਫ਼ਨੀਅਰ ਸੱਪ ਵਲੇਵੇ ਖਾਂਦੇ ਪਏ,
ਵਰਮੀ ਵਾਂਗੂੰ ਉਸ ਦੇ ਮੱਥੇ ਘੂਰੀ ਸੀ।
ਤੇਰੇ ਉਪਰ ਪੂਰਾ ਨਾਵਲ ਲਿਖ ਦਿੱਤਾ,
ਫਿਰ ਵੀ ਉਸ ਵਿਚ ਸਾਰੀ ਗੱਲ ਅਧੂਰੀ ਸੀ।
ਹਰ ਰਾਹੀ ਦਾ ਕਿਉਂ ਨਾ ਮਨ ਲਲਚਾਏ ਫਿਰ,
ਉਸ ਰੁੱਖ ਉਤੇ ਹਰ ਅੰਬੀ ਸਿੰਧੂਰੀ ਸੀ।
ਭਵਿੱਖ 'ਚ ਬਾਲਮ ਉਸ ਨੂੰ ਲਭਦਾ ਫਿਰਦਾ ਹੈ,
ਬੀਤੇ ਸਮਿਆਂ ਅੰਦਰ ਜੋ ਕਸਤੂਰੀ ਸੀ।

**ਬਲਵਿੰਦਰ ਬਾਲਮ ਗੁਰਦਾਸਪੁਰ,**

## ਮੁੰਡੇ ਦਾ ਫੁੱਫੜ ਹੁਣ ਨੀ ਮੰਗਦਾ ਕੁੱਕੜ

ਰਿਸ਼ਤੇਦਾਰਾ ਸੁਣ ਗੱਲ ਤੂੰ ਮੇਰੀ
ਭੈਣ ਝਿੜਕਦੀ ਰਹਿੰਦੀ ਤੇਰੀ
ਕਿਉਂਕਿ ਹੁਣ ਪ੍ਰਾਹੁਣਾ ਸੋਡਾ ਹੋ ਗਿਆ 60 ਤੋਂ ਉੱਪਰ
ਮੁੰਡੇ ਦਾ ਫੁੱਫੜ ਹੁਣ ਨੀ ਮੰਗਦਾ ਕੁੱਕੜ

ਪਹਿਲਾਂ ਵਾਲੀਆਂ ਨਾ ਬੜਕਾਂ ਰਹੀਆਂ
ਨਾ ਹੀ ਬਦਨ ਚ ਰੜਕਾਂ ਰਹੀਆਂ
ਹੁਣ ਤਾਂ ਰਹਿੰਦੇ ਦੁਖਦੇ ਗੋਡੇ
ਭਾਰ ਨੀ ਚੁੱਕਦੇ ਦੋਵੇਂ ਮੋਢੇ
ਲਿਆ ਕੇ ਮਿੱਠੀ ਚਾਹ ਦੇ ਨਾਲ ਇੱਕ ਚਮਚਾ ਦੇ ਦਿਉ ਭੁੱਕੜ
ਮੁੰਡੇ ਦਾ ਫੁੱਫੜ ਹੁਣ ਨੀ

ਹੁਣ ਨਾ ਪੀਵੇ ਲਾਲ ਪਰੀ ਨੂੰ
ਨਾ ਹੀ ਖਾਂਦਾ ਲਾਲ ਤਰੀ ਨੂੰ
ਸਾਦਾ ਦਾਲ਼ ਫੁਲਕਾ ਹੀ ਖਾਵੇ
ਘਿਉ ਨਮਕ ਵੀ ਘੱਟ ਹੀ ਪਾਵੇ
ਮੇਜ ਤੇ ਰੱਖ ਕੇ ਪੈੱਗ ਪੀਣ ਦਾ ਭੂਤ ਗਿਆ ਏ ਉੱਤਰ
ਮੁੰਡੇ ਦਾ ਫੁੱਫੜ ਹੁਣ ਨੀ

ਦੂਰ ਚਲੀ ਗਈ ਕਿਤੇ ਜਵਾਨੀ
ਰੋਜ਼ ਬਾਬੇ ਦੀ ਪੜ੍ਹਦਾ ਬਾਣੀ
ਪਹਿਲਾਂ ਵਾਲੀ ਛੱਡ ਤੀ ਢਾਣੀ
ਸਭ ਨੂੰ ਦਿੰਦਾ ਮੱਤ ਸਿਆਣੀ
ਹੁਣ ਤਾਂ ਬਣਿਆ ਬੀਬਾ ਰਾਣਾ ਜੋ ਸੀ ਪੂਰਾ ਲੁੱਚੜ
ਮੁੰਡੇ ਦਾ ਫੁੱਫੜ ਹੁਣ ਨੀ

ਕਦੇ ਕਦਾਈਂ ਹੁਣ ਸਹੁਰੀਂ ਜਾਈਏ
ਫੋਨ ਤੇ ਸਭ ਸੁਣੀਏ ਸੁਣਾਈਏ
ਜੇ ਜੁਆਕਾਂ ਦੀ ਮੰਮੀ ਆਖੇ
ਤਾਂ ਤਿਆਰ ਹੋ ਜੀਏ ਲੀੜੇ ਪਾਕੇ
ਗੱਡੀ ਵਿੱਚ ਬਿਠਾ ਕੇ ਸਾਨੂੰ ਲੈ ਜਾਵੇ ਸਾਡਾ ਪੁੱਤਰ
ਮੁੰਡੇ ਦਾ ਫੁੱਫੜ ਹੁਣ ਨੀ ਮੰਗਦਾ ਕੁੱਕੜ

**ਸੋਹਣ ਭੁੱਚੋ ਆਲਾ**

## ਪੁਰਾਣੇ ਸਮੇਂ

ਕੰਧਾਂ ਨੂੰ ਟੱਪਣਾ, ਕੌਲੇ ਉਹਲੇ
ਖੜਨਾ,
ਜਦੋਂ ਅਸੀਂ ਖੇਡਣਾ ਕੋਠਿਆਂ ਤੇ
ਚੜ੍ਹਨਾ।
ਡਿੱਗਣ ਤੋਂ ਉੱਦੋ ਲੱਗਦਾ ਨਾ ਡਰ ਸੀ,
ਖੁੱਲ੍ਹੇ ਡੁੱਲ੍ਹੇ ਘਰ ਸੀ ਤੇ ਵੱਡੇ ਵੱਡੇ ਦਰ ਸੀ।
ਹੁੰਦੀ ਟਿੱਕੀ ਰਾਤ ਦੂਰੋਂ ਇੰਜਣ ਦੀ ਅਵਾਜ ਆਉਂਣੀ,
ਧੂੰਏਂ ਵਾਲੇ ਮੂਹਰੇ, ਠਾਕਰ, ਨੇ ਸੀਟੀ ਲਾਉਣੀ।
ਟੂ ਟੂ ਦੀ ਅਵਾਜ ਦਿੰਦੀ ਰਸ ਭਰ ਸੀ,
ਖੁੱਲ੍ਹੇ ਡੁੱਲ੍ਹੇ ਘਰ ਸੀ..........
ਕੁਝ ਖਾਈ ਪੀ ਚੱਲੋ ਨਾ ਸੀ ਬਿਮਾਰੀਆਂ,
ਤੂਤ ਦਿਆ ਮੋਛਿਆ ਤੋ ਪੱਕੀਆਂ ਸੀ ਯਾਰੀਆਂ।
ਨਾ ਕਦੇ ਜਿੱਤ ਨਾ ਹਾਰ ਦਾ ਡਰ ਸੀ,
ਖੁੱਲ੍ਹੇ ਡੁੱਲ੍ਹੇ ਘਰ ਸੀ.........
ਅੱਜ ਕੋਠੀਆਂ ਨੇ ਲੋਕਾਂ ਦੇ ਦਿਲ ਹੀ ਸਗੋੜ ਤੇ,
ਸੱਚ ਦੱਸਾਂ ਯਾਰੋ ਵਾਂਗ ਨਿੰਬੂਆਂ
ਨਿਚੋੜ ਤੇ।
ਰਹੇ ਨਾ ਉਹ ਹੁੰਦੇ ਜੋ ਘਰਾਣਿਆਂ ਦੇ ਘਰ ਸੀ,
ਖੁੱਲ੍ਹੇ ਡੁੱਲ੍ਹੇ ਘਰ ਸੀ..........
ਕਾਮੇ ਮਜਦੂਰ ਰੋਲ ਦਿੱਤੇ ਸਰਕਾਰਾਂ ਨੇ,
ਹਰਪ੍ਰੀਤ ਪੱਤੋ, ਕੁਝ ਲੁੱਟੇ ਸਾਹੂਕਾਰਾਂ ਨੇ।
ਬਣਾ ਦਿੱਤੇ ਮੰਗਤੇ ਜੋ ਦਿੰਦੇ ਬਾਟੇ
ਭਰ ਸੀ,
ਖੁੱਲ੍ਹੇ ਡੁੱਲ੍ਹੇ ਘਰ ਸੀ ਤੇ ਵੱਡੇ ਵੱਡੇ ਦਰ ਸੀ।

**ਹਰਪ੍ਰੀਤ ਪੱਤੋ ਪਿੰਡ ਪੱਤੋ**

## ਪੰਜਾਬ ਸਿਹੁੰ ਦੀ .ਫਰਿਆਦ

ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ
ਜਾਂਦਾ ਵਾਰ ਵਾਰ ਮੈਨੂੰ ਹੀ ਲਿਤਾੜਿਆ
ਮੈ ਕਿਹੜਾ ਭੇਡਾਂ ਦਾ ਸੀ ਵਾੜਾ ਸਾੜਿਆ
ਜਿਹੜਾ ਫੜ ਕੇ ਮੈਨੂੰ ਅੱਧ ਵਿੱਚੋ ਪਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ .....
ਸਾਰੀਆਂ ਹੀ ਜੰਗਾਂ ਮੇਰੇ ਉਤੇ ਲੜੀਆਂ
ਦੁਨੀਆਂ ਦੀਆਂ ਫੌਜਾਂ ਮੇਰੇ ਉਤੇ ਚੜੀਆਂ
ਕਿਸੇ ਦੀਆਂ ਨਾ ਮੈ ਕਦੇ ਬਾਹਵਾਂ ਫੜੀਆਂ
ਬੇਸ਼ਕ ਉਹਨਾਂ ਮੈਨੂੰ ਬੇਰਾਂ ਵਾਂਗੂੰ ਝਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ .......
ਮੇਰੇ ਪੁੱਤ ਨਾ ਕਿਸੇ ਨੂੰ ਕਦੇ ਮਾੜਾ ਬੋਲਦੇ
ਵੇਖਿਆ ਨਾ ਗਰੀਬ ਦੀ ਕਦੇ ਪੱਤ ਰੋਲਦੇ
ਕਦੇ ਨਾ ਕਿਸੇ ਲਈ ਵੇਖੇ ਜ਼ਹਿਰ ਘੋਲਦੇ
ਫਿਰ ਵੀ ਜਾਂਦਾ ਇਹਨਾਂ ਨੂੰ ਜੇਲਾਂ ਤਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ ......

ਸਾਰੇ ਧਰਮਾਂ ਦੇ ਲੋਕ ਪੀਂਦੇ ਇੱਕੋ ਜਿਹਾ ਪਾਣੀ ਨੇ
ਦਿੱਤਾ ਸਾਂਝਾ ਉਪਦੇਸ਼ ਬਾਬੇ ਨਾਨਕ ਦੀ ਬਾਣੀ ਨੇ
ਫਿਰ ਕਿਉਂ ਅੱਗ ਲਾਈ ਨਫਰਤ ਮਰ ਜਾਣੀ ਨੇ
ਅੰਮ੍ਰਿਤ ਰੂਪੀ ਜਲ ਵਿੱਚ ਜ਼ਹਿਰ ਕਿਉ ਵਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ। .........
ਰਲ ਮਿਲ ਬੈਠੋ ਤੁਸੀਂ ਸਾਰੇ ਨਾ ਪਾਓ ਵੰਡੀਆਂ
ਜਾਣਾ ਇੱਕੋ ਥਾਂ ਤੇ ਹੋਣ ਬੇਸ਼ਕ ਲੱਖ ਡੰਡੀਆਂ
ਰਹਿਣ ਸਾਰੀਆਂ ਸੁਹਾਗਣਾਂ ਨਾ ਹੋਣ ਰੰਡੀਆਂ
ਜਸਵਿੰਦਰਾ ਰੂਹ ਨੂੰ ਕਦੇ ਵੀ ਨਾ ਜਾਵੇ ਪਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ
ਜਾਂਦਾ ਵਾਰ ਵਾਰ ਮੈਨੂੰ ਹੀ ਲਿਤਾੜਿਆ
ਮੈ ਕਿਹੜਾ ਭੇਡਾਂ ਦਾ ਸੀ ਵਾੜਾ ਸਾੜਿਆ
ਜਿਹੜਾ ਫੜ ਕੇ ਮੈਨੂੰ ਅੱਧ ਵਿੱਚੋ ਪਾੜਿਆ
ਭਲਾ ਦਸੋਂ ਮੈਂ ਕੀ ਕਿਸੇ ਦਾ ਵਿਗਾੜਿਆ .....

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**

## ਕਿਸਮਤ ਦੀ ਧੀ

ਮੇਰੇ ਜਨਮ ਤੋਂ ਹੀ
ਮੈਂ ਦੁਖਾਂ ਦੀ
ਆਦੀ ਹੋ ਗਈ
ਖੁਸੀਆਂ ਸਾਰੀਆਂ
ਮੁਰਝਾ ਗਈਆਂ

ਜਦੋਂ ਵੱਡੀ ਹੋਈ
ਫਿਰ ਇਹ
ਦੋ ਕਾਲੇ ਛੇਕ
ਮੇਰੇ ਜਿਹੀ ਕੁੜੀ ਦੀ
ਕਿਸਮਤ ਬਣ ਗਏ

**ਸਾਹ ਅਬਦੁਲ ਲਤੀਫ ਭਿਟਾਈ**




# ਵੀਰਾ ਤੇਰਾ ਕੱਲ੍ਹ ਦਾ ਗਿਆ ਹੈ ਪਿੰਡ 'ਕੰਮੇਆਣੇ'


ਧਰਮ ਕੰਮੇਆਣਾ

1981 ਵਿੱਚ ਮੈਂ ਜਦੋਂ ਨਹਿਰੂ ਕਾਲਿਜ ਮਾਨਸਾ ਦਾ ਵਿਦਿਆਰਥੀ ਸੀ, ਤਾਂ ਉਸ ਵੇਲੇ ਸਾਡੇ ਕਾਲਿਜ ਚ 'ਮੇਰਾ ਹਾਣੀ ਜਿਹਾ ਮੁੰਡਾ ਫਰੀਦਕੋਟ ਤੋਂ ਯੂਥ ਫੈਸਟੀਵਲ ਵਿੱਚ ਗਾਉਣ ਆਇਆ ਉਹਦੇ ਨਾਲ ਉਹਦਾ ਵੱਡਾ ਭਾਈ ਵੀ ਸੀ। ਉਸ ਮੁੰਡੇ ਦਾ ਨਾਮ ਸੀ ਦਿਲਸ਼ਾਦ ਅਖਤਰ, ਤੇ ਉਹਦੇ ਭਰਾ ਦਾ ਨਾਮ ਗੁਰਾਂ ਦਿੱਤਾ, ਉਸਨੇ ਇੰਨਾਂ ਵਧੀਆ ਗਾਇਆ ਕਿ ਪਹਿਲਾ ਇਨਾਮ ਜਿੱਤਿਆ। ਉਸਤੋਂ ਬਾਅਦ ਉਹਦੇ ਨਾਲ ਨੇੜਤਾ ਹੋ ਗਈ ਤੇ ਅਸੀਂ ਉਸਨੂੰ ਸ਼ਾਦੀ ਕਹਿਕੇ ਬੁਲਾਉਂਦੇ ਸਾਂ।

ਫੇਰ ਉਹੀ ਦਿਲਸ਼ਾਦ ਅਖਤਰ ਬਠਿੰਡੇ ਆਉਣ ਜਾਣ ਲੱਗ ਪਿਆ, ਮੇਰੀ ਵੀ ਬਠਿੰਡੇ ਆਉਣੀ ਜਾਣੀ ਹੋ ਗਈ ਤੇ ਪਰਗਟ ਭਾਗੂ, ਦਿਲਸ਼ਾਦ ਅਖਤਰ, ਗਾਇਕ ਵੱਜੋਂ ਅਤੇ ਗੀਤਕਾਰਾਂ ਵੱਜੋਂ ਧਰਮ ਕੰਮੇਆਣਾ ਅਤੇ ਗੁਰਚਰਨ ਵਿਰਕ ਦਾ ਨਵਾਂ ਦੌਰ ਸ਼ੁਰੂ ਹੋਇਆ । ਮੇਰੇ ਅੱਜ ਵੀ ਯਾਦ ਐ ਦਿਲਸ਼ਾਦ ਇੱਕ ਗੀਤ ਗਾਉਂਦਾ ਹੁੰਦਾ ਸੀ

" ਵੀਰਾ ਤੇਰਾ ਕੱਲ੍ਹ ਦਾ
ਗਿਆ ਹੈ ਪਿੰਡ 'ਕੰਮੇਆਣੇ'
ਪਈ ਐ ਮੁੰਡੇ ਦੀ ਉੱਥੇ ਦੱਸ ਨੀ
ਆਖਦੇ ਵਿੱਚੋਲੇ ਮੁੰਡਾ ਚੰਨ ਤੋਂ ਸੁਨੱਖਾ
ਆਉਣਾ ਤਲੀ ਤੇ ਰੁਪਇਆ ਜੀਹਦੇ ਰੱਖ ਨੀ"

ਦੀਦਾਰ ਸੰਧੂ ਦੀ ਮੌਤ ਤੋਂ ਬਾਅਦ 1992 ਵਿੱਚ ਮੈਂ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ ਆਵਾਜ਼ ਵਿੱਚ ਇੱਕ ਕੈਸਿਟ ਤਿਆਰ ਕੀਤੀ। ਸਦੀਕ ਸਾਹਿਬ ਉਹ ਕੈਸਿਟ ਆਪਣੇ ਸ਼ਗਿਰਦ ਦੀਦਾਰ ਸੰਧੂ ਨੂੰ ਸ਼ਰਧਾਂਜਲੀ ਵੱਜੋਂ ਤਿਆਰ ਕਰਨਾ ਚਾਹੁੰਦੇ ਸਨ। ਮੇਰੇ ਦੀਦਾਰ ਦਾ ਲਿਖਿਆ ਤੇ ਸਦੀਕ ਦਾ ਗਾਇਆ ਪੁਰਾਣਾ ਗੀਤ ਚੇਤੇ ਆ ਗਿਆ "ਆਹ ਲੈ ਫੜ ਮੁੰਦਰਾਂ" ਦੋ ਅੰਤਰੇ ਯਾਦ ਆ ਗਏ ਤੀਜਾ ਭੁੱਲ ਗਏ, ਤੀਜਾ ਹਾਕਮ ਬਖਤੜੀ ਵਾਲੇ ਨੇ ਲਿਖ ਦਿੱਤਾ ਤੇ ਗੀਤ ਰਿਕਾਰਡ ਹੋ ਗਿਆ ।

ਦੂਸਰੇ ਦਿਨ ਸਦੀਕ ਸਾਹਿਬ ਕਹਿੰਦੇ ਯਾਰ ਧਰਮ ਕੰਮੇਆਣਾ ਇੱਕ ਗੀਤ ਲਿਖ ਕੇ ਦੇ ਗਿਆ ਸੀ,ਆਪਾਂ ਮੁੰਦਰਾਂ ਨੂੰ ਛੱਡ ਦਿਨੇ ਆਂ ਤੇ ਧਰਮ ਦਾ ਗੀਤ ਰਿਕਾਰਡ ਕਰਦੇ ਆਂ ਵੱਡਾ ਗੀਤ ਐ। ਗੀਤ ਦੇ ਬੋਲ ਸਨ

"ਸਾਡੇ ਸਦਾ ਲਈ ਵਿਛੜ ਗਿਆ ਯਾਰਾ
ਰੋ ਰੋ ਤੈਨੂੰ ਯਾਦ ਕਰੀਏ
ਭਰੋਵਾਲ ਦਿਆ ਸੰਧੂਆ ਦਿਦਾਰਾ
ਰੋ ਰੋ ਤੈਨੂੰ ਯਾਦ ਕਰੀਏ

ਮੇਰੇ ਅੱਜ ਵੀ ਦ੍ਰਿਸ਼ ਯਾਦ ਹੈ ਕਿ ਸਦੀਕ ਸਾਹਿਬ ਗਾਉਂਦੇ ਗਾਉਂਦੇ ਰੋ ਪਏ ਸਨ। ਪਾਠਕੋ ਮੈਂ ਇਸੇ ਗੀਤਕਾਰ "ਧਰਮ ਕੰਮੇਆਣੇ " ਬਾਰੇ ਹੀ ਗੱਲ ਕਰਨੀ ਚਾਹੁੰਦਾ ਹਾਂ। ਕਿਉਂਕਿ ਮੈਂ ਧਰਮ ਦੀ ਲੇਖਣੀ ਦਾ ਆਸ਼ਕ ਹਾਂ, ਇੱਕ ਸਮਾਂ ਅਜਿਹਾ ਸੀ ਜਦੋਂ ਧਰਮ ਕੰਮੇਆਣੇ ਦੀ ਕਿਤਾਬ "ਮੈਨੂੰ ਹੱਸਣਾ ਭੁੱਲ ਗਿਆ ਮਾਂ" ਮੇਰੇ ਮੂੰਹ ਜ਼ੁਬਾਨੀ ਯਾਦ ਸੀ , ਧਰਮ ਦਾ ਗੀਤ

ਕੱਲ੍ਹ ਜਦੋਂ ਮਿੱਟੀ ਲਾਉਣ ਲੱਗੀ
ਮੈਂ ਕੰਧੋਲੀ ਉੱਤੇ
ਮਿੱਟੀ ਦਾ ਬਣਾ ਬੈਠੀ ਮੋਰ
ਪਹਿਲਾਂ ਹੱਸੀ, ਫੇਰ ਰੋਈ
ਝੱਲਿਆਂ ਦੇ ਵਾਂਗੂ
ਗੱਲਾਂ ਸੁੱਝੀਆਂ ਹੋਰ ਦੀਆਂ ਹੋਰ

ਮੈਂ ਅਕਸਰ ਹੀ ਗੁਣਗੁਣਾਉਂਦਾ ਰਹਿੰਦਾ ਸੀ ।ਧਰਮ ਦੇ ਗੀਤ ਦਿਲਸ਼ਾਦ ਅਖਤਰ, ਮੁਹੰਮਦ ਸਦੀਕ ਤੋਂ ਇਲਾਵਾ ਸਰਦੂਲ ਸਿਕੰਦਰ, ਕਰਤਾਰ ਰਮਲਾ ਸਮੇਤ ਪੰਜਾਬ ਦੇ ਉੱਚ ਕੋਟੀ ਦੇ ਗਾਇਕ ਗਾ ਚੁੱਕੇ ਹਨ। ਇੱਕ ਵਾਰ ਮੋਹਨ ਸਿੰਘ ਮੇਲੇ ਤੇ ਮੁਹੰਮਦ ਸਦੀਕ ਨੇ ਧਰਮ ਦਾ ਗੀਤ

ਹੱਥਾਂ ਨੂੰ ਮਹਿੰਦੀ ਫੇਰ ਲਾ ਲਵੀਂ
ਪਹਿਲਾਂ ਯਾਰ ਦੀ ਕੁੱਲੀ ਨੂੰ ਅੱਗ ਲਾ ਦੇ

ਏਨਾ ਖੁੱਭ ਕੇ ਗਾਇਆ ਕਿ ਅੰਤ ਈ ਕਰਾ ਦਿੱਤਾ। ਮੁੱਕਦੀ ਗੱਲ, ਮੈਨੂੰ ਇਸ ਤਰਾਂ ਮਹਿਸੂਸ ਹੁੰਦਾ ਹੈ ਕਿ ਧਰਮ ਆਪਣੀ ਲੇਖਣੀ ਪ੍ਰਤੀ ਪੂਰਾ ਧਰਮ ਨਿਭਾ ਰਿਹਾ ਹੈ ।

# ਤੇਰੇ ਸਾਰੇ ਖ਼ਤ ਸ਼ੀਸ਼ੇ 'ਚ ਜੜਾ ਕੇ ਰੱਖ ਲਏ ਵਾਲਾ ਦਿਲਾਵਰ ਚਹਿਲ


ਦਿਲਾਵਰ ਚਹਿਲ

ਜਦੋਂ ਕੋਈ ਮਾਝੇ ਜਾਂ ਦੁਆਬੇ ਜਾਂ ਪੁਆਧੀ ਮਿੱਤਰ ਮੈਨੂੰ ਮਾਨਸੇ ਵਾਲਾ ਬਾਂਸਲ ਕਹਿ ਕੇ ਬੁਲਾਉਂਦਾ ਹੈ ਤਾਂ ਕੁੱਝ ਅਜੀਬ ਜਿਹਾ ਲੱਗਦੈ, ਬਹੁਤੇ ਲੋਕ ਜਿਹਨਾਂ ਨੂੰ ਇਸ ਇਲਾਕੇ ਬਾਰੇ ਭੂਗੋਲਿਕ ਤੇ ਇਤਿਹਾਸਕ ਜਾਣਕਾਰੀ ਨਹੀਂ ਉਹ ਇਸ ਇਲਾਕੇ ਨੂੰ ਪੰਜਾਬ ਦਾ ਪਛੜਿਆ ਇਲਾਕਾ ਵੀ ਸਮਝਦੇ ਹਨ। ਪਰ ਜਦੋਂ ਤੱਕ ਮੇਰੀ ਘੰਡੀ ਵਿੱਚ ਸਾਹ ਚਲਦੇ ਰਹਿਣਗੇ , ਮੈਂ ਆਪਣੇ ਆਪ ਨੂੰ,ਅਸ਼ੋਕ ਬਾਂਸਲ ਮਾਨਸਾ, ਹੀ ਲਿਖਦਾ ਰਹਾਂਗਾ ਤੇ ਇਸ ਇਲਾਕੇ ਦੀਆਂ ਪ੍ਰਾਪਤੀਆਂ , ਇਸ ਇਲਾਕੇ ਦੀਆਂ ਸ਼ਖਸ਼ੀਅਤਾਂ ਬਾਰੇ ਦੁਨੀਆਂ ਨੂੰ ਜਾਣੂੰ ਕਰਵਾਉਂਦਾ ਰਹਾਂਗਾ।

ਮੈਂ ਗੱਲ ਕਰ ਰਿਹਾ ਹਾਂ ਮੇਰੇ ਵਿਦਿਆਰਥੀ ਜੀਵਨ ਦੇ ਸੀਨੀਅਰ ਸਾਥੀ ਦਿਲਾਵਰ ਸਿੰਘ ਚਹਿਲ ਦੀ, ਦਿਲਾਵਰ ਦਾ ਪਿੰਡ ਮਾਨਸਾ ਲਾਗੇ ਹੀਰੋਂ ਹੈ ਤੇ ਵਿਦਿਅਕ ਯੋਗਤਾ ਪੱਖੋਂ ਉਹ ਇੰਜੀਨੀਅਰ ਹੈ । ਉਂਜ 1987 'ਚ ਦਿਲਾਵਰ ਦੁਨੀਆਂ ਦੇ ਥਾਣੇਦਾਰ ਮੁਲਕ ਅਮਰੀਕਾ ਦਾ ਬਸ਼ਿੰਦਾ ਬਣ ਗਿਆ ਸੀ, ਤੇ ਅੱਜਕੱਲ੍ਹ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦਾ ਵਾਸੀ ਐ, ਮੇਰੀ ਅਮਰੀਕਾ ਫੇਰੀ ਵੇਲੇ ਦਿਲਾਵਰ ਨੇ ਜੋ ਮਾਣ ਸਤਿਕਾਰ ਕੀਤਾ,,, ਉਸਦੇ ਸਤਿਕਾਰ ਨੇ ਮੈਨੂੰ ਸੱਤ ਜਨਮਾਂ ਦਾ ਕਰਜਾਈ ਕਰ ਦਿੱਤਾ। ਸੁਭਾਅ ਪੱਖੋਂ ਪਹਿਲੇ ਦਿਨੋਂ ਈ ਧੱਕੜ ਐ, ਅੜਬ ਵੀ ਸਿਰੇ ਦਾ, ਮੂੰਹ ਆਈ ਗੱਲ ਕਹਿਣੋਂ ਕਦੇ ਝਿਜਕਿਆ ਨਹੀਂ। ਈਨ ਕਦੇ ਕਿਸੇ ਦੀ ਮੰਨੀ ਨਹੀਂ । ਉੱਚਾ ਲੰਮਾ ਕੱਦ, ਗੋਰਾ ਨਿਸ਼ੋਹ ਰੰਗ,,,,,, ਮਲਵਈ ਜੁੱਸਾ,,,, ਪਰ ਦਿਲਾਵਰ ਦੇ ਅੰਦਰ ਹਮੇਸ਼ਾ ਈ ਇਕ ਸੂਖਮ ਸ਼ਾਇਰ ਧੜਕਦੇ ਰਹਿੰਦੈ।

ਮੈਨੂੰ ਇਸ ਗੱਲ ਦਾ ਮਾਣ ਐ ਕਿ ਮੇਰੀ ਜਨਮ ਭੋਇੰ ਦੇ ਜਾਏ ਦਿਲਾਵਰ ਚਹਿਲ ਦੇ ਲਿਖੇ ਗੀਤ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਚੋਟੀ ਦੇ ਕਲਾਕਾਰਾਂ ਨੇ ਗਾਏ ਜਿਹਨਾਂ ਚੋਂ ਹਰਭਜਨ ਮਾਨ,ਜਗਜੀਤ ਜ਼ੀਰਵੀ, ਸ਼ੌਕਤ ਅਲੀ, ਅਤਾਉਲਾ ਖਾਨ, ਅਕਰਮ ਰਾਹੀ ਸਮੇਤ ਅਨੇਕਾਂ ਈ ਨਾਮ ਗਿਣੇ ਜਾ ਸਕਦੇ ਹਨ

ਤੇਰੇ ਸਾਰੇ ਖ਼ਤ ਸ਼ੀਸ਼ੇ 'ਚ ਜੜਾ ਕੇ ਰੱਖ ਲਏ —
ਕਿੰਨੇ ਰੰਗ ਕਾਗਜ਼ਾਂ ਦੇ, ਮੈਥੋਂ ਗਿਣਤੀ ਨਾ ਹੋਈ
ਕਿੰਨਾ ਪਿਆਰ ਹੈ ਸਮਾਇਆ, ਮੈਥੋਂ ਮਿਣਤੀ ਨਾ ਹੋਈ
'ਚਾਹਲ' ਨੂੰ ਵੀ ਹੋਇਆ ਜਦੋਂ ਪਿਆਰ ਨਾ ਨਸੀਬ
ਉਹਨੇ ਸੂਲਾਂ ਉੱਤੇ ਸੱਥਰ ਵਿਛਾ ਕੇ ਰੱਖ ਲਏ
ਕਿਤੇ ਫਟ ਹੀ ਨਾ ਜਾਣ, ਰੋਜ ਹੱਥ ਲੱਗ ਲੱਗ
ਤੇਰੇ ਸਾਰੇ ਖਤ ਸ਼ੀਸ਼ੇ 'ਚ ਜੜਾ ਕੇ ਰੱਖ ਲਏ —
(ਹਰਭਜਨ ਮਾਨ)

ਮੇਰਿਆ ਬਾਬਲਾ, ਵੇ ਧਰਮੀ ਬਾਬਲਾ
ਵੇ ਮੇਰਿਆ ਬਾਬਲਾ
ਸੁਣ ਤੇਰੀ ਲਾਡਲੀ ਦੀ ਬਾਬਲਾ ਪੁਕਾਰ ਵੇ —
ਲੈਜਾ ਮੈਨੂੰ, ਨਹੀਂ ਤਾਂ ਦੇਣਾ ਸੌਹਰਿਆਂ ਨੇ ਮਾਰ ਲਏ
ਲਗਦਾ ਏ 'ਚਾਹਲ' ਮੈਨੂੰ ਮੌਤ ਰਹੀ ਉਡੀਕ ਦੇ
ਸੌਹਰਿਆਂ ਦੇ ਸਟੋਵ ਦੀ ਤਾਂ ਚਾਦਰ ਬਰੀਕ ਵੇ
ਫਟ ਜਾਣੈਂ ਇਹਨੇ ਜੇ ਨਾ ਲਈ ਮੇਰੀ ਸਾਰ ਵੇ
ਸੁਣ ਤੇਰੀ ਲਾਡਲੀ ਦੀ ਬਾਬਲਾ ਪੁਕਾਰ ਵੇ ——
(ਹਰਭਜਨ ਮਾਨ)

ਦਿਲ ਦੇਣ ਤੋਂ ਪਹਿਲਾਂ ਕਹਿੰਦਾ ਹਾਂ
ਮੈਥੋਂ ਮੋੜ ਮੁੜਾਈ ਨਹੀਂ ਹੋਣੀ
(ਹਰਭਜਨ ਮਾਨ)

ਕਦੀ ਸ਼ਹਿਰ ਸਾਡੇ ਜਾਵੀਂ
ਉਥੇ ਜਾ ਕੇ ਫੇਰਾ ਪਾਵੀਂ (ਅਕਰਮ ਰਾਹੀ)

ਰੱਖ ਸੂਰਤ ਤੇਰੀ ਪਲਕਾਂ ਤੇ
ਅਸਾਂ ਨੀਰ ਵਹਾਉਣਾ ਸਿੱਖ ਲਿਆ ਏ
ਤੁਸੀਂ ਦਰਦ ਵੰਡਾਉਣਾ ਨਹੀਂ ਸਿੱਖਿਆ
ਅਸੀਂ ਦਰਦ ਹੰਢਾਉਣਾ ਸਿੱਖ ਲਿਆ ਏ
(ਅਕਰਮ ਰਾਹੀ)

ਪਹਿਲਾਂ ਤਾਰਿਆਂ ਦੀ ਜੋਤ ਬੁਝ ਲੈਣ ਦੇ
ਫੇਰ ਜਾਈਂ ਜੀਅ ਸਦਕੇ (ਸ਼ੌਕਤ ਅਲੀ ਖਾਨ)

ਭਾਲ ਤੇਰੀ ਵਿੱਚ ਖਿਆਲ ਮੈ ਅੱਜ ਵੀ
ਪਾਰ ਸਮੁੰਦਰੋਂ ਘੱਲੇ ਨੇ (ਜਗਜੀਤ ਜ਼ੀਰਵੀ)

ਦਿਲਾਵਰ ਚਹਿਲ ਦੀ ਸ਼ਾਇਰੀ ਤੇ ਗੀਤਕਾਰੀ ਦਾ ਮਹਿਜ ਨਮੂਨਾ ਹੀ ਹੈ ਜੇ ਮੈਂ ਚਾਹਾਂ ਤਾਂ ਇਸ ਉੱਪਰ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ।

# ਸਾਡੀ ਮਾਂ-ਬੋਲੀ: ਸ਼ਬਦਾਂ ਦੇ ਰਲਾਅ ਤੋਂ ਸੰਭਾਲ ਤੱਕ

ਕੁਲਬੀਰ ਸ਼ਰਮਾ
ਮੋਬਾਈਲ ਨੰਬਰ: 8427212104

ਪੰਜਾਬੀ ਸਿਰਫ਼ ਇੱਕ ਬੋਲੀ ਨਹੀਂ, ਸਗੋਂ ਪੰਜਾਬ ਦੀ ਮਿੱਟੀ, ਸੱਭਿਆਚਾਰ, ਰਿਸ਼ਤਿਆਂ, ਗੀਤਾਂ-ਰਿਵਾਜਾਂ ਅਤੇ ਸਾਡੀ ਸੋਚ ਨਾਲ ਜੁੜੀ ਹੋਈ ਪਹਿਚਾਣ ਹੈ। ਪੰਜਾਬੀ ਦੇ ਹਰ ਸ਼ਬਦ ਦੇ ਪਿੱਛੇ ਕੋਈ ਨਾ ਕੋਈ ਕਹਾਣੀ, ਭਾਵਨਾ ਜਾਂ ਜੀਵਨ ਨਾਲ ਜੁੜਿਆ ਅਨੁਭਵ ਲੁਕਿਆ ਹੁੰਦਾ ਹੈ। 'ਚੁੱਲ੍ਹਾ', 'ਸੱਥ', 'ਮੰਜਾ', 'ਪੀਂਘ', 'ਚਰਖਾ', 'ਛੰਨਾ', 'ਬਹੀ', 'ਖੇਸ', 'ਪਰਾਤ', 'ਮਧਾਣੀ', 'ਢੋਲਾ', 'ਵਿਹੜਾ' ਵਰਗੇ ਸ਼ਬਦ ਸਿਰਫ਼ ਸ਼ਬਦ ਨਹੀਂ, ਇਹ ਸਾਡੇ ਪੁਰਾਣੇ ਜੀਵਨ ਦੀਆਂ ਤਸਵੀਰਾਂ ਹਨ। ਪਰ ਬਦਲਦੇ ਸਮੇਂ ਦੇ ਨਾਲ ਸਾਡੀ ਰੋਜ਼ਾਨਾ ਬੋਲੀ ਵਿੱਚੋਂ ਦੇਸੀ ਸ਼ਬਦ ਹੌਲੀ-ਹੌਲੀ ਗੁਆਚਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਅੰਗਰੇਜ਼ੀ ਸ਼ਬਦ ਵਰਤਣ ਲੱਗ ਪਏ ਹਾਂ।

ਅੱਜ ਪੰਜਾਬੀ ਬੋਲਦਿਆਂ ਸਾਡੇ ਮੂੰਹੋਂ ਇੱਕੋ ਵਾਕ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਦੇ ਕਈ ਸ਼ਬਦ ਇਕੱਠੇ ਸੁਣਾਈ ਦਿੰਦੇ ਹਨ। ਅਸੀਂ ਕਹਿੰਦੇ ਹਾਂ, ਮੈਨੂੰ ਕਾਲ ਕਰੀਂ , ਅੱਜ ਮੀਟਿੰਗ ਹੈ , ਮੇਰਾ ਮੂਡ ਠੀਕ ਨਹੀਂ , ਕੱਲ੍ਹ ਪਲਾਨ ਬਣਾਈਏ ਜਾਂ ਮੈਨੂੰ ਮੈਸੇਜ ਕਰ ਦੇਈਂ। ਇਹ ਸ਼ਬਦ ਹੁਣ ਸਾਡੀ ਰੋਜ਼ਾਨਾ ਬੋਲੀ ਦਾ ਹਿੱਸਾ ਬਣ ਗਏ ਹਨ। ਭਾਸ਼ਾ ਵਿੱਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਆਉਣਾ ਕੋਈ ਨਵੀਂ ਗੱਲ ਨਹੀਂ। ਹਰ ਭਾਸ਼ਾ ਸਮੇਂ ਦੇ ਨਾਲ ਦੂਜੀਆਂ ਭਾਸ਼ਾਵਾਂ ਤੋਂ ਸ਼ਬਦ ਲੈਂਦੀ ਹੈ। ਪਰ ਫਿਕਰ ਦੀ ਗੱਲ ਤਾਂ ਇਹ ਹੈ ਕਿ ਜਦੋਂ ਸਾਨੂੰ ਆਪਣੀ ਹੀ ਬੋਲੀ ਦੇ ਸੌਖੇ ਅਤੇ ਸੁੰਦਰ ਸ਼ਬਦ ਯਾਦ ਨਹੀਂ ਰਹਿੰਦੇ ਅਤੇ ਅਸੀਂ ਉਨ੍ਹਾਂ ਦੀ ਥਾਂ ਅੰਗਰੇਜ਼ੀ ਸ਼ਬਦ ਵਰਤਣ ਲੱਗ ਪੈਂਦੇ ਹਾਂ।

ਪਹਿਲਾਂ ਸਾਡੇ ਘਰਾਂ ਵਿੱਚ ਸਵੇਰ ਦੀ ਸ਼ੁਰੂਆਤ ਹੀ ਦੇਸੀ ਸ਼ਬਦਾਂ ਅਤੇ ਪੁਰਾਣੀਆਂ ਗੱਲਾਂ ਨਾਲ ਹੁੰਦੀ ਸੀ। ਆਮ ਗੱਲਾਂ-ਬਾਤਾਂ ਵਿੱਚ 'ਵਿਹੜਾ', 'ਚੌਂਕਾ', 'ਚੁੱਲ੍ਹਾ', 'ਪੀੜ੍ਹੀ', 'ਮੰਜਾ', 'ਪਲੰਘ', 'ਸੰਦੂਕ', 'ਖੇਸ', 'ਪਰਾਤ', 'ਮਧਾਣੀ', 'ਬੋਹੜ', 'ਟਾਹਲੀ', 'ਛਾਂ', 'ਸਾਂਝ', 'ਮੋਹ' ਅਤੇ 'ਅਪਣੱਤ' ਵਰਗੇ ਸ਼ਬਦ ਸੁਣਨ ਨੂੰ ਮਿਲਦੇ ਸਨ। ਪਿੰਡਾਂ ਦੀਆਂ ਸੱਥਾਂ ਵਿੱਚ ਬੈਠ ਕੇ ਗੱਲਾਂ ਕਰਦੇ ਬਜ਼ੁਰਗਾਂ ਤੋਂ ਵੀ ਪੁਰਾਣੇ ਸ਼ਬਦਾਂ ਅਤੇ ਕਹਾਵਤਾਂ ਦਾ ਪਤਾ ਲੱਗਦਾ ਸੀ। ਹੁਣ ਨਾ ਉਹ ਪੁਰਾਣੀਆਂ ਸੱਥਾਂ ਰਹੀਆਂ ਹਨ ਅਤੇ ਨਾ ਹੀ ਅਸੀਂ ਪਹਿਲਾਂ ਵਾਂਗ ਆਪਣੇ ਵੱਡਿਆਂ ਕੋਲ ਬੈਠ ਕੇ ਘੰਟਿਆਂ ਗੱਲਾਂ ਕਰਦੇ ਹਾਂ।

ਹਰ ਵੇਲੇ ਟੀਵੀ, ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਨਾਲ ਜੁੜੇ ਰਹਿਣ ਕਾਰਨ ਉਨ੍ਹਾਂ ਵਿੱਚ ਸੁਣੇ ਅਤੇ ਵਰਤੇ ਜਾਣ ਵਾਲੇ ਅੰਗਰੇਜ਼ੀ ਸ਼ਬਦ ਹੌਲੀ-ਹੌਲੀ ਸਾਡੀ ਪੰਜਾਬੀ ਬੋਲੀ ਤੋਂ ਸਾਨੂੰ ਦੂਰ ਕਰ ਰਹੇ ਹਨ। ਹੁਣ ਜਦੋਂ ਕਦੇ ਘਰ ਵਿੱਚ ਜਾਂ ਕਿਸੇ ਵੱਡੇ ਦੇ ਮੂੰਹੋਂ ਕੋਈ ਪੁਰਾਣਾ ਪੰਜਾਬੀ ਸ਼ਬਦ ਸੁਣਨ ਨੂੰ ਮਿਲਦਾ ਹੈ ਤਾਂ ਅਸੀਂ ਹੈਰਾਨ ਰਹਿ ਜਾਂਦੇ ਹਾਂ, ਕਿਉਂਕਿ ਕਈ ਵਾਰ ਸਾਨੂੰ ਉਸ ਸ਼ਬਦ ਦਾ ਅਰਥ ਵੀ ਪਤਾ ਨਹੀਂ ਹੁੰਦਾ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਅਸੀਂ ਆਪਣੇ ਦੋਸਤਾਂ-ਮਿੱਤਰਾਂ ਨਾਲ ਗੱਲਬਾਤ ਕਰਦਿਆਂ ਜਾਂ ਬਾਹਰ ਕਿਸੇ ਕੰਮ ਲਈ ਜਾਂਦਿਆਂ ਪੰਜਾਬੀ ਦੇ ਨਾਲ ਅੰਗਰੇਜ਼ੀ ਦੇ ਸ਼ਬਦ ਲਗਾਤਾਰ ਰਲਾਉਂਦੇ ਰਹਿੰਦੇ ਹਾਂ। ਹੌਲੀ-ਹੌਲੀ ਇਹ ਮਿਲੀ-ਜੁਲੀ ਭਾਸ਼ਾ ਸਾਡੀ ਆਮ ਬੋਲਚਾਲ ਦੀ ਆਦਤ ਬਣ ਗਈ ਹੈ ਅਤੇ ਸਾਨੂੰ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਅਸੀਂ ਆਪਣੀ ਮਾਂ-ਬੋਲੀ ਤੋਂ ਕਿੰਨੇ ਦੂਰ ਹੁੰਦੇ ਜਾ ਰਹੇ ਹਾਂ।

ਇੱਕ ਹੋਰ ਗੱਲ ਇਹ ਵੀ ਹੈ ਕਿ ਅਸੀਂ ਦਿਖਾਵੇ ਲਈ ਵੀ ਅੰਗਰੇਜ਼ੀ ਦੇ ਸ਼ਬਦ ਜ਼ਿਆਦਾ ਵਰਤਣ ਲੱਗ ਪਏ ਹਾਂ। ਸਾਨੂੰ ਲੱਗਦਾ ਹੈ ਕਿ ਪੰਜਾਬੀ ਵਿੱਚ ਅੰਗਰੇਜ਼ੀ ਦੇ ਸ਼ਬਦ ਮਿਲਾ ਕੇ ਗੱਲ ਕਰਨ ਨਾਲ ਅਸੀਂ ਵਧੇਰੇ ਪੜ੍ਹੇ-ਲਿਖੇ ਲੱਗਾਂਗੇ। ਕਈ ਵਾਰ ਤਾਂ ਅਸੀਂ ਪੰਜਾਬੀ ਬੋਲਣ ਲੱਗਿਆਂ ਵੀ ਝਿਜਕ ਮਹਿਸੂਸ ਕਰਦੇ ਹਾਂ। ਮੰਨਿਆ ਕਿ ਅੰਗਰੇਜ਼ੀ ਸਿੱਖਣੀ ਅਤੇ ਬੋਲਣੀ ਅੱਜ ਦੇ ਸਮੇਂ ਵਿੱਚ ਜ਼ਰੂਰੀ ਹੈ, ਪਰ ਪੰਜਾਬ ਵਿੱਚ ਰਹਿੰਦਿਆਂ ਆਪਣੀ ਮਾਂ-ਬੋਲੀ ਨੂੰ ਪਹਿਲ ਦੇਣਾ ਵੀ ਸਾਡਾ ਫਰਜ਼ ਹੈ। ਦੁਨੀਆ ਦੇ ਹਰ ਦੇਸ਼ ਵਿੱਚ ਲੋਕ ਆਪਣੀ ਭਾਸ਼ਾ ਨੂੰ ਮਾਣ ਅਤੇ ਤਰਜੀਹ ਦਿੰਦੇ ਹਨ, ਪਰ ਅਸੀਂ ਪਤਾ ਨਹੀਂ ਕਿਉਂ ਆਪਣੀ ਹੀ ਪੰਜਾਬੀ ਨੂੰ ਪਿੱਛੇ ਕਰਕੇ ਦੂਜੀਆਂ ਭਾਸ਼ਾਵਾਂ ਨੂੰ ਅੱਗੇ ਲਿਆਉਣ ਵਿੱਚ ਲੱਗੇ ਹੋਏ ਹਾਂ।

ਕੋਈ ਵੀ ਦੂਜੀ ਭਾਸ਼ਾ ਸਾਡੀ ਲੋੜ ਹੋ ਸਕਦੀ ਹੈ, ਪਰ ਸਾਡੀ ਪਹਿਚਾਣ ਨਹੀਂ। ਸਾਡੀ ਪਹਿਚਾਣ ਸਾਡੀ ਮਾਂ-ਬੋਲੀ ਪੰਜਾਬੀ ਹੀ ਹੈ ਅਤੇ ਇਸ ਨੂੰ ਕਾਇਮ ਰੱਖਣਾ ਆਪਣੇ ਵਿਰਸੇ ਨੂੰ ਕਾਇਮ ਰੱਖਣਾ ਹੈ। ਆਪਣੀ ਬੋਲੀ ਦਾ ਮਾਣ ਵਧਾਉਣ ਲਈ ਸਾਨੂੰ ਬੋਲਣ ਅਤੇ ਲਿਖਣ ਵਿੱਚ ਇਸ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਜਦੋਂ ਕੋਈ ਦੂਜੇ ਸੂਬੇ ਤੋਂ ਸਾਡੇ ਕੋਲ ਆਉਂਦਾ ਹੈ ਤਾਂ ਉਸ ਨੂੰ ਵੀ ਪਿਆਰ ਨਾਲ ਪੰਜਾਬੀ ਸਿਖਾਉਣੀ ਚਾਹੀਦੀ ਹੈ, ਤਾਂ ਜੋ ਸਾਡੀ ਭਾਸ਼ਾ ਦੀ ਪਹਿਚਾਣ ਤੇ ਮਾਣ ਹੋਰ ਵਧੇ। ਕਿਸੇ ਦੇ ਸਾਹਮਣੇ ਪੰਜਾਬੀ ਬੋਲਦਿਆਂ ਸਾਨੂੰ ਕਦੇ ਵੀ ਝਿਜਕ ਜਾਂ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ, ਸਗੋਂ ਪੂਰੇ ਮਾਣ ਅਤੇ ਫ਼ਖ਼ਰ ਨਾਲ ਆਪਣੀ ਮਾਂ-ਬੋਲੀ ਬੋਲਣੀ ਚਾਹੀਦੀ ਹੈ। ਹਰ ਰੋਜ਼ ਪੰਜਾਬੀ ਦੇ ਨਵੇਂ ਸ਼ਬਦ ਸਿੱਖ ਕੇ ਉਨ੍ਹਾਂ ਨੂੰ ਆਪਣੀ ਬੋਲਚਾਲ ਵਿੱਚ ਵਰਤਣਾ, ਆਪਣੇ ਵੱਡਿਆਂ ਤੋਂ ਪੰਜਾਬੀ ਵਿੱਚ ਕਹਾਣੀਆਂ ਅਤੇ ਪੁਰਾਣੀਆਂ ਗੱਲਾਂ ਸੁਣਨਾ ਅਤੇ ਪੰਜਾਬੀ ਦੀਆਂ ਕਿਤਾਬਾਂ ਤੇ ਨਾਵਲ ਪੜ੍ਹਨਾ ਸਾਨੂੰ ਆਪਣੀ ਭਾਸ਼ਾ ਅਤੇ ਵਿਰਸੇ ਦੀਆਂ ਜੜ੍ਹਾਂ ਨਾਲ ਜੋੜਦਾ ਹੈ। ਕਿਤਾਬਾਂ ਪੜ੍ਹਨ ਨਾਲ ਸਾਨੂੰ ਅਜਿਹੇ ਬਹੁਤ ਸਾਰੇ ਨਵੇਂ ਸ਼ਬਦ ਵੀ ਮਿਲਦੇ ਹਨ, ਜਿਨ੍ਹਾਂ ਨੂੰ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤ ਸਕਦੇ ਹਾਂ। ਆਪਣੀ ਪੰਜਾਬੀ ਬੋਲਦਿਆਂ ਜੋ ਮਿੱਠਾਸ ਅਤੇ ਆਪਣਾਪਣ ਮਹਿਸੂਸ ਹੁੰਦਾ ਹੈ, ਉਹ ਕਿਸੇ ਹੋਰ ਭਾਸ਼ਾ ਵਿੱਚ ਸਾਨੂੰ ਨਹੀਂ ਮਿਲਦਾ, ਕਿਉਂਕਿ ਪੰਜਾਬੀ ਦੇ ਸ਼ਬਦ ਸਿਰਫ਼ ਮੂੰਹੋਂ ਨਹੀਂ ਨਿਕਲਦੇ, ਇਹ ਸਾਡੀ ਮਿੱਟੀ, ਸਾਡੇ ਵਿਰਸੇ ਅਤੇ ਸਾਡੀ ਰੂਹ ਨਾਲ ਜੁੜੇ ਹੋਏ ਹਨ। ਇਸ ਲਈ ਆਪਣੀ ਮਾਂ-ਬੋਲੀ ਤੋਂ ਦੂਰ ਹੋਣ ਦੀ ਬਜਾਏ, ਸਾਨੂੰ ਖ਼ੁਦ ਇਸ ਨਾਲ ਜੁੜਨਾ ਚਾਹੀਦਾ ਹੈ ਅਤੇ ਆਪਣੀ ਨਵੀਂ ਪੀੜ੍ਹੀ ਨੂੰ ਵੀ ਆਪਣੀ ਇਸ ਅਮੀਰ ਵਿਰਾਸਤ ਨਾਲ ਜੋੜਨਾ ਚਾਹੀਦਾ ਹੈ।

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਉਧਾਰ ਲਿਆ ਮੁਕਰਣ ਦੀ ਕਲਾ

ਮੇਰੇ ਇੱਕ ਦੋਸਤ ਨੇ ਆਪਣੇ ਜਾਣਕਾਰ ਨੂੰ ਦੋ ਲੱਖ ਰੁਪਏ ਹੱਥ ਉਧਾਰ ਦੇ ਦਿੱਤੇ ।

ਪੈਸੇ ਲੈਣ ਲੱਗਿਆ ਜਾਣਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਦੋ ਮਹੀਨੇ ਬਾਅਦ ਹਰ ਹਾਲ ਪੈਸੇ ਵਾਪਸ ਕਰ ਦੇਵੇਗਾ।

ਦੋ ਮਹੀਨੇ ਲੰਘ ਜਾਣ ਨੇ ਦੋਸਤ ਨੇ ਪੈਸੇ ਮੰਗੇ ਤਾਂ ਜਾਣਕਾਰ ਬੜਾ ਨਿਮਰ ਸ਼ਬਦਾਂ ਨਾਲ ਬੋਲਿਆ, " ਯਾਰ ਜਿਹੜੇ ਪਾਸਿਓਂ ਪੈਸੇ ਆਉਣੇ ਸੀ ਉਹ ਆਏ ਨਹੀਂ, ਮਿੰਨਤ ਵਾਲੀ ਗੱਲ ਹੈ ।।ਮਹੀਨਾ ਕੁ ਹੋਰ ਠਹਿਰ ਜਾਹ। "

ਮਹੀਨਾ ਮਹੀਨਾ ਕਰਦਿਆਂ ਅੱਠ ਮਹੀਨੇ ਲੰਘ ਗਏ ।।

ਨੌਵੇਂ ਮਹੀਨੇ ਦੋਸਤ ਨੇ ਪੈਸੇ ਮੰਗੇ ਤਾਂ ਜਾਣਕਾਰ ਹਰਖ ਨਾਲ ਬੋਲਿਆ, " ਤੈਂ ਤਾਂ ਮੇਰੀ ਜਾਨ ਲੈਣੀ ਕਰ ਰੱਖੀ ਐ।।ਮੈਂ ਪਿੰਡ ਛੱਡ ਕੇ ਤਾਂ ਨਹੀਂ ਭੱਜਣ ਲੱਗਾ। "

ਅਗਲੀ ਵਾਰ ਪੈਸੇ ਮੰਗਣ ਤੇ ਉਹ ਬੋਲਿਆ " ਜੇ ਮੈਨੂੰ ਪਤਾ ਹੁੰਦਾ ਕਿ ਤੇਰਾ ਮਾਜਨਾ ਏਨਾ ਮਾੜਾ ਤਾਂ ਕਾਹਨੂੰ ਤੈਥੋਂ ਪੈਸੇ ਮੰਗਣੇ ਸੀ ,"

ਉਸ ਤੋਂ ਅਗਲੀ ਵਾਰ ਬੋਲਿਆ," ਜਦੋ ਮੇਰੇ ਕੋਲ ਕਿਸੇ ਪਾਸੇ ਤੋਂ ਆਏ ਹੀ ਨਹੀਂ ਤਾਂ ਤੈਨੂੰ ਆਪਣੇ ਹੱਢ ਵੇਚਕੇ ਦੇ ਦਿਆਂ,ਤੈਂ ਤਾਂ ਸ਼ਰਮ ਈ ਲਾਹ ਰੱਖੀ ਐ।।ਹਰ ਮਹੀਨੇ ਮੂੰਹ ਚੱਕ ਕੇ ਆ ਜਾਨੈ।"

ਇੱਕ ਸਾਲ ਦੋ ਮਹੀਨੇ ਹੋ ਗਏ ਤਾਂ ਉਸ ਸਾਫ ਹੀ ਕਹਿ ਦਿੱਤਾ ," "ਜਾਹ ਮੈਂ ਤਾਂ ਤੇਰੇ ਪੈਸੇ ਮੋੜਦਾ ਨਹੀਂ।।ਕਰਲੈ ਜੋ ਕਰਨੈ। "

ਮੈਂ ਉਦੋਂ ਪਿੰਡ ਦਾ ਪੰਚ ਸਾਂ ਇਸ ਲਈ ਇੱਕ ਹੋਰ ਟਰਾਈ ਮਾਰਨ ਲਈ ਉਹ ਮੈਨੂੰ ਉਸਦੇ ਘਰ ਲੈ ਗਿਆ ।

ਚਾਹੇ ਮੇਰੇ ਆਉਣ ਦਾ ਕਾਰਨ ਉਹ ਜਾਣ ਗਿਆ ਸੀ ਤੇ ਮੈਨੂੰ ਵੀ ਪਤਾ ਸੀ ਕਿ ਉਸਦੇ ਕੈਨੇਡਾ ਗਏ ਪੁੱਤਰ ਨੇ ਉਸ ਨੂੰ ਤਾਜਾ ਹੀ ਪੈਸੇ ਭੇਜੇ ਹਨ ,ਇਸ ਲਈ ਉਸ ਘਰ ਵਾਲੀ ਨੂੰ ਚਾਹ ਧਰਨ ਲਈ ਕਹਿ ਦਿੱਤਾ । ਮੇਰੇ ਦੋਸਤ ਨੇ ਰੋਂਦੀ ਜਿਹੀ ਅਵਾਜ਼ ਵਿੱਚ ਕਿਹਾ ਕਿ , "----ਸਿਹਾਂ ਮੇਰਾ ਕਸੂਰ ਦੱਸ ,ਨਾਲੇ ਤੈਨੂੰ ਦੋ ਲੱਖ ਦਿੱਤੇ ਤੇ ਨਾਲੇ ਮਾਜਨਾ ਪਰਖਾਇਆ । ਹੁਣ ਤਾਂ ਪੈਸੇ ਮੋੜ ਦੇ। "

ਜਾਣਕਾਰ ਉਸਦਾ ਜੁਆਬ ਦੇਣ ਦੀ ਬਜਾਏ ਮੈਨੂੰ ਸੰਬੋਧਿਤ ਹੋਇਆ " ਵੇਖੋ ਕੱਕੜ ਜੀ ,ਲੈਣ ਦੇਣ ਬਗੈਰ ਸਰਦਾ ਨਹੀਂ, ਦੇਣਾ ਲੈਣਾ,ਤਾਂ ਚੰਦ ਸੂਰਜ ਨੇ ਵੀ ਹੈ ਪਰ।।।।। " ਉਸ ਦੀ ਏਨੀ ਗੱਲ ਸੁਣ ਕੇ ਮੈ ਸੋਚਣ ਲੱਗਾ ਚੱਲੋ ਕਿਸੇ ਮਜਬੂਰੀ ਕਾਰਨ ਪੈਸੇ ਵਾਪਸ ਕਰਨ ਵਿੱਚ ਦੇਰੀ ਹੋ ਜਾਂਦੀ ਹੈ ,ਅੱਜ ਇਹ ਸਾਨੂੰ ਜ਼ਰੂਰ ਪੈਸੇ ਦੇ ਕੇ ਹੀ ਭੇਜੂ।

ਅਗਲਾ ਵਾਕ ਉਸ ਹੋਰ ਵੀ ਹਲੀਮੀ ਨਾਲ ਬੋਲਿਆ " ਪਰ ਲੈਣ ਦੇਣ ਦਾ ਵੀ ਇੱਕ ਪਰਦਾ ਹੁੰਦੈ। ਇਹਨੇ ਤਾਂ ਥੋਨੂੰ ਸਭ ਕੁੱਝ ਦੱਸ ਕੇ ਸਾਡਾ ਪਰਦਾ ਈ ਚੱਕਤਾ । ਹੁਣ ਤੁਸੀਂ ਹੀ ਦੱਸੋ ਜਦੋਂ ਮੇਰਾ ਪਰਦਾ ਈ ਚੱਕਿਆ ਗਿਆ ਤਾਂ ਮੈਂ ਇਸ ਨੂੰ ਪੈਸੇ ਕਿਉਂ ਮੋੜਾਂ ?"

ਮੈ ਉਸਦੀ ਕਲਾਕਾਰੀ ਤੇ ਹੈਰਾਨ ਰਹਿ ਗਿਆ ਕਿ ਪੈਸੇ ਮੁਕਰਣ ਦਾ ਕਾਰਨ ਨੂੰ ਜ਼ਾਇਜ਼ ਠਹਿਰਾਉਣ ਲਈ ਪਤੰਦਰ ਮੇਰੀ ਹੀ ਗਵਾਹੀ ਪਾਉਣ ਨੂੰ ਫਿਰਦੈ!

ਮੈਂ ਜਾਣ ਗਿਆ ਸਾਂ ਇਹ ਪੈਸੇ ਮੁਕਰਣ ਦੀ ਕਲਾ ਵਿੱਚ ਪੂਰਾ ਮਾਹਰ ਹੈ ,ਇਸ ਲਈ ਹੁਣ ਗੰਗਾ ਗਈਆਂ ਹੱਡੀਆਂ ਵਾਪਸ ਨਹੀ ਮੁੜਣਗੀਆਂ ।

ਮੈ ਦੋਸਤ ਨੂੰ ਇਸ਼ਾਰੇ ਨਾਲ ਉਠਾ ਕੇ ਬਾਹਰ ਲੈ ਗਿਆ ਤਾਂ ਕਿਹਾ, " ਜੇ ਤਾਂ ਤੈਂ ਕੋਈ ਪੈਸਿਆਂ ਦਾ ਕੋਈ ਪਰਨੋਟ ਭਰਿਐ ਤਾਂ ਅਦਾਲਤ 'ਚ ਕੇਸ ਲਾ ਦੇ, ਨਹੀਂ ਮਰੇ ਤੇ ਮੁੱਕਰੇ ਦਾ ਕੋਈ ਇਲਾਜ਼ ਨਹੀਂ ਹੁੰਦਾ ,ਸੋਚ ਕੇ ਘਰੇਂ ਬਹਿਜਾ।"



(ਨਰੰਜਣ ਬੋਹਾ ਦੀ ਫੇਸਬੁੱਕ ਉਪਰੋਂ ਬੋਹਾ ਬੋਲ ਦਾ ਇੱਕ ਹਿੱਸਾ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਜੇ ਭਾਰਤੀ ਚੁੱਪ ਹੋਣ ਤਾਂ ਲੋਕ ਪੁੱਛਦੇ ਹਨ - ਸਭ ਸੁੱਖ ਤਾਂ ਹੈ ?

**ਮੇਰੇ ਘਰ ਤੋਂ ਤੇਰਾ ਘਰ ਬਸ ਦੋ ਕਦਮ ’ਤੇ ਹੈ**
**ਸਮਝ ਨੀਂ ਆਉਂਦੀ ਵਿੱਚ ਇਹ ਫਾਸਲਾ ਕਿਉਂ ਹੈ।**

ਸੋਨੀਆਂ ਨਾਮ ਦੀ ਇੱਕ ਭਾਰਤੀ ਲੜਕੀ ਜਰਮਨੀ ਤੋਂ ਭਾਰਤ ਰਹੀ ਤਾਂ ਉਸ ਨੇ ਦੋਹਾਂ ਮੁਲਕਾਂ ਦੀਆਂ ਗਲ਼ੀਆਂ ਵਿਚਲੀ ਵਿੱਥ ਕਿਸੇ ਅੰਗ੍ਰੇਜ਼ੀ ਅਖ਼ਬਾਰ ਵਿੱਚ ਲਿਖੀ ਜਿਸ ਦਾ ਤਰਜਮਾ ਹੈ - ਜਰਮਨੀ ਦੀਆਂ ਗਲ਼ੀਆਂ ਵਿੱਚ ਤੁਰੇ ਫਿਰਦੇ ਲੋਕ ਜਿਵੇਂ ਹੋਸਟਲਾਂ ਦੇ ਸਕੂਲ ਤੋਂ ਪੜ੍ਹੇ ਪੂਰੇ ਅਨੁਸ਼ਾਸ਼ਨ ਵਾਲ਼ੇ ਹਨ। ਪੂਰੇ ਸ਼ਾਂਤ, ਚੁਪ, ਆਪੋ ਆਪਣੀ ਧੁਨ ਵਿੱਚ ਬਸ ਟੀਚੇ ਵੱਲ ਸੋਚਾਂ ਵਿੱਚ ਘਿਰੇ ਜਾ ਰਹੇ ਹੁੰਦੇ ਹਨ। ਪਰ ਭਾਰਤੀ ? ਸਭ ਸੰਯੁਕਤ ਪਰਿਵਾਰ ਦੀ ਬੁੱਕਲ਼ ’ਚ ਪਲ਼ੇ ਸਭ ਦਾ ਸਭ ਕੁੱਝ ਜਾਨਣ ਦੀ ਚਾਹਤ ਰਖਦੇ ਦੂਜੇ ਦੇ ਹਰ ਕੰਮ ਵਿੱਚ ਦਖਲ ਦੇਣਾ ਆਪਣਾ ਹੱਕ ਸਮਝਦੇ ਹਨ। ਯੂਰਪੀ ਗਲ਼ੀਆਂ ਜਦੋਂ ਸਵੇਰੇ ਜਾਗਦੀਆਂ ਹਨ ਤਾਂ ਲਗਦੈ ਕਿਸੇ ਨੇ ਅਲਾਰਮ ਬਟਨ ਦੱਬਿਆ ਹੋਵੇ। ਕੋਈ ਸ਼ੋਰ ਨਹੀਂ, ਆਵਾਜ਼ ਨਹੀਂ, ਬਸ ਕੰਮ ਤੱਕ ਹੀ ਮਤਲਬ ਹੈ। ਪਰ ਸਾਡੇ ਪੂਰੇ ਧਮਾਕੇ ਨਾਲ਼ ਸਵੇਰ ਹੁੰਦੀ ਹੈ। ਧਾਰਮਿਕ ਸੰਗੀਤ ਦਾ ਮੁਕਾਬਲਾ ਜਿਹਾ ਲੱਗਦਾ ਹੈ। ਸਵੇਰੇ ਛੇ ਵਜੇ ਦੀ ਆਵਾਜ਼ ਆਹ ਦੁੱਧ ਪਵਾਲੋ ਜੀ, ਫੇਰ ਹੋਕਾ ਆਲੂ ਲੈ ਲੋ ਪਿਆਜ਼ ਲਉ ਸਬਜ਼ੀਆਂ ਜੀ। ਕੁੱਕਰ ਦੀਆਂ ਸੀਟੀਆਂ, ਕਿਸੇ ਘਰੋਂ ਉੱਚੀ ਆਵਾਜ਼ - ਵੇ ਰਿੰਕੂ ਅੱਜ ਸਕੂਲ ਨੀਂ ਜਾਣਾ ? ਅੱਠ ਵਜੇ ਤੱਕ ਪੂਰੀ ਗਲ਼ੀ ਨੂੰ ਪਤਾ ਹੁੰਦੈ ਕਿ ਰਿੰਕੂ ਅੱਜ ਵੀਹਰ ਗਿਆ ਨਹਾਤਾ ਨਹੀਂ। ਯੂਰਪੀ ਲੋਕਾਂ ਨੂੰ ਗਵਾਂਢੀ ਦਾ ਨਾਮ ਕਈ ਸਾਲ ਪਤਾ ਨਹੀਂ ਹੁੰਦਾ। ਕਈ ਵਾਰੀ ਮੌਤ ਤੋਂ ਵੀ ਅਰਸਾ ਬਾਅਦ ਪਤਾ ਲੱਗਦਾ ਹੈ। ਪਰ ਏਧਰ ਜੇ ਕੋਈ ਕਿਰਾਏਦਾਰ ਵੀ ਆ ਜੇ, ਉਸ ਦੇ ਕਿੰਨੇ ਬੱਚੇ ਹਨ, ਨੌਕਰੀ ਕੀ ਹੈ, ਕਦੋਂ ਉਸ ਦੀ ਸੱਸ ਆਉਣੀ ਹੈ, ਇਸ ਦੀ ਕਿੱਥੇ ਕੀ ਰਿਸ਼ਤੇਦਾਰੀ ਹੈ, ਕਿਰਾਏਦਾਰ ਨੂੰ ਖ਼ੁਦ ਨਹੀਂ ਪਤਾ ਹੁੰਦਾ ਪਰ ਸਾਰਾ ਮੁਹੱਲਾ ਜਾਣਦਾ ਹੈ। ਭਾਰਤੀ ਬੱਚੇ ਪਾਰਕ ਵਿੱਚ ਜਾਣ ਨਾ ਜਾਣ ਪਰ ਗਲ਼ੀ ਵਿੱਚ ਕ੍ਰਿਕਟ ਮੈਚ ਲਾ ਕੇ ਲੋਕਾਂ ਦੇ ਘਰਾਂ ਦੇ ਸ਼ੀਸ਼ੇ ਜ਼ਰੂਰ ਭੰਨਦੇ ਹਨ। ਬੱਚਾ ਬਾਲ (ਗੇਂਦ) ਮੰਗਣ ਜਾਂਦਾ ਹੈ, ਅੰਟੀ ਘੂਰਦੀ ਹੈ,ਖ਼ਬਰਦਾਰ ਜੇ ਹੁਣ ਏਥੇ ਮੈਚ ਲਾਇਆ। ਪਰ ਮੈਚ ਫੇਰ ਮਿਥੇ ਸਮੇਂ ਤੇ ਅਗਲੇ ਦਿਨ ਲੱਗਦਾ ਹੈ। ਯੂਰਪੀ ਕੁੱਤੇ ਗਲ਼ ਵਿੱਚ ਸੰਗਲ਼ੀ ਪਾਈ ਚੁਪ ਆਪਣੇ ਮਾਲਕ ਦੇ ਪੈਰਾਂ ਵਿੱਚ ਪੈਰ ਰਖਦੇ ਹਨ। ਭਾਰਤੀ ਗਲ਼ੀਆਂ ਦੇ ਕੁੱਤੇ ਸੰਵਿਧਾਨ ਦੇ ਆਜ਼ਾਦ ਨਾਗਰਿਕ ਹਨ, ਉਨ੍ਹਾਂ ਨੂੰ ਟ੍ਰੈਫਕ ਨਿਯਮਾਂ ਨਾਲ਼ ਕੋਈ ਵਾਸਤਾ ਨਹੀਂ। ਰਾਤ ਦੇ ਦੋ ਵਜੇ ਲੋਕ ਥੱਕ ਕੇ ਸੌਂ ਜਾਂਦੇ ਹਨ, ਕੁੱਤੇ ਸੈਮੀਨਾਰ ਲਾ ਕੇ ਖ਼ੂਬ ਬਹਿਸ ਕਰਦੇ ਹਨ, ਭੌਂਕਣ ਲੱਗਦੇ ਹਨ, ਜਵਾਬ ਵਿੱਚ ਸਭ ਭਾਗ ਲੈਂਦੇ ਹਨ। ਉਨ੍ਹਾਂ ਨੂੰ ਯਾਦ ਆਉਂਦਾ ਹੈ ਰਾਖੀ ਕਰਨ ਦਾ ਫ਼ਰਜ਼। ਯੂਰਪੀ ਸਾਈਕਲ ਦੀ ਇੱਕ ਸੰਗੀਤੱਕ, ਧੀਮੀ ਘੰਟੀ ਹੁੰਦੀ ਹੈ। ਭਾਰਤੀ ਲੋਕਾਂ ਦੇ ਵਾਹਨਾਂ ਵਾਲ਼ੇ ਉੱਚੀ ਹਾਰਨ ਵਜਾਉਂਦੇ ਹਨ ਜਿਵੇਂ ਵੱਡੀ ਮਿਜ਼ਾਈਲ ਬੀੜੀ ਹੋਵੇ। ਹੈਰਾਨੀ ਇਹ ਹੈ ਕਿ ਪੂਰੇ ਰੌਲ਼ੇ ਦੇ ਬਾਵਜੂਦ ਪਰ੍ਹੇ ਕੋਈ ਕੋਈ ਨਹੀਂ ਹਟਦਾ। ਖਾਸ ਕਰ ਕੇ ਗਊ ਮਾਤਾ ਸੜਕ ਵਿਚਾਲ਼ੇ ਬੈਠ ਜਾਂਦੀ ਹੈ। ਉਸ ਦਾ ਪੂਰਾ ਰਾਜ ਹੈ। ਕਈ ਹੋਰ ਕੋਲ਼ ਆ ਬੈਠਦੀਆਂ ਹਨ। ਜਿਵੇਂ ਕੋਈ ਮਿਲਣ ਵਾਲ਼ਾ ਥਾਂ ਹੋਵੇ। ਯੂਰਪ ਵਿੱਚ ਕੋਈ ਰਾਹੀ ਡਿਗ ਪਵੇ ਤਾਂ ਲੋਕ ਮਦਦ ਲਈ ਦੌੜਦੇ ਹਨ। ਭਾਰਤੀ ਪਹਿਲੇ ਦਸ ਇਹੀ ਪੁੱਛੀ ਜਾਂਦੇ ਹਨ ਕਿ ਹੋਇਆ ਕੀ ਹੈ ? ਫੇਰ ਪੰਜ ਸਲਾਹ ਪਰੋਸਦੇ ਹਨ, ਕਈ ਡਾਕਟਰ ਆ ਜੁੜਦੇ ਹਨ। ਇੱਕ ਜਣਾ ਵੀਡੀਉ ਬਣਾਉਂਦਾ ਹੈ। ਅਖੀਰ ਮਦਦ ਹੋ ਵੀ ਜਾਂਦੀ ਹੈ। ਯੂਰਪੀ ਸੜਕਾਂ ਪੂਰੀਆਂ ਸਾਫ਼ ਹਨ, ਕੋਈ ਕਾਗਜ਼ ਦਾ ਟੁਕੜਾ ਨਹੀਂ। ਜਦ ਬਾਰਸ਼ ਵਿੱਚ ਅੱਧਾ ਰਾਹ ਰੁਕਦਾ ਹੈ ਤਾਂ ਲੋਕ ਬਚ ਕੇ ਲੰਘਦੇ ਹਨ ਕਿ ਕੋਈ ਨਾ ਅੱਧਾ ਰਾਹ ਤਾਂ ਹੈ। ਪਰ ਸਾਡੀ ਸੜਕ ਤੇ ਪਏ ਟੋਏ ਹਮੇਸ਼ਾ ਲਈ ਹਨ। ਲੋਕ ਪਛਾਣਦੇ ਹਨ ਕਿੱਥੇ ਕਿੰਨਾਂ ਡੂੰਘਾ ਟੋਆ ਹੈ, ਕਿੱਥੇ ਉਭੜ-ਖਾਬੜ ਹੈ। ਕੂੜਾ ਸੁੱਟਣਾ ਸਾਨੂੰ ਵਧੀਆ ਲੱਗਦਾ ਹੈ। ਯੂਰਪ ਵਿੱਚ ਕੋਈ ਉੱਚੀ ਬੋਲੇ ਤਾਂ ਲੋਕ ਹੈਰਾਨ ਹੁੰਦੇ ਹਨ ਪਰ ਜੇ ਭਾਰਤੀ ਚੁੱਪ ਹੋਣ ਤਾਂ ਲੋਕ ਪੁੱਛਦੇ ਹਨ - ਸਭ ਸੁੱਖ ਤਾਂ ਹੈ ? ਅਸਲ ਵਿੱਚ ਯੂਰਪੀ ਸੜਕਾਂ ਸੁੰਦਰ ਹਨ ਪਰ ਉੱਥੇ ਕਹਾਣੀਆਂ ਜਨਮ ਨਹੀਂ ਲੈਂਦੀਆਂ। ਰਸਤਾ ਆਪਮੁਹਾਰੇ ਮਿਲਦਾ ਹੈ। ਸਾਡੀਆਂ ਸੜਕਾਂ ਰਾਹੀਆਂ ਨਾਲ਼ ਕਹਾਣੀਆਂ ਵੀ ਜਨਮਦੀਆਂ ਹਨ। ਤੁਸੀਂ ਦੋ ਕਦਮ ਤੁਰੋ, ਚਾਰ ਲੋਕ ਚਾਹ ਪਾਣੀ ਪੁੱਛਦੇ ਹਨ, ਦੋ ਖਾਣੇ ਦੀ ਸੁਲਾਹ ਮਾਰਦੇ ਹਨ, ਸਮਾਜਿਕ ਬਹਿਸ ਲਈ ਸੁਦਾ ਹਨ। ਪਰ੍ਹਾਂ ਤੋਂ ਅੰਟੀ ਓ ਪੁਤਰਾ ਤੂੰ ਕਦ ਆਇਆ, ਵਿਆਹ ਕਦ ਹੋਣੈ ਪੁਛਦੀ ਅਪਣੱਤ ਪਾਲ਼ਦੀ ਹੈ। ਯੂਰਪੀ ਸੜਕਾਂ ਸਲੀਕੇਦਾਰ ਹਨ, ਭਾਰਤੀ ਸੜਕਾਂ ਸੀਨੇ ਚ ਘਰ ਕਰਦੀਆਂ ਹਨ। ਯੂਰਪੀ ਸੜਕਾਂ ਆਉਣ ਜਾਣ ਦਾ ਰਾਹ ਹਨ ਪਰ ਭਾਰਤੀ ਸੜਕਾਂ ਪੂਰੇ ਪਾਤਰਾਂ ਨੂੰ ਸੰਜੀਵ ਕਰਦੀਆਂ ਹਨ। ਇੱਕ ਮਘਦਾ ਜੀਵਨ ਪਾਲ਼ਦੀਆਂ ਸੜਕਾਂ ਹਨ। ਪਾਠਕ ਮਨ ਇਸ ਵਿੱਥ ਨੂੰ ਆਪ ਹੀ ਕਿਆਸ ਕਰ ਸਕਦਾ ਹੈ।

# ਹੈਰੈਟੇਜ ਡੇਅ ਅਤੇ ਤੀਆਂ ਦਾ ਤਿਓਹਾਰ ਮਨਾਇਆ ਗਿਆ





ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ) ਚੈਸਟਰਮੀਅਰ ਪੰਜਾਬੀ ਬਜ਼ੁਰਗ (ਸੀਨੀਅਰਜ) ਸੁਸਾਇਟੀ ਵੱਲੋਂ ਮਿਤੀ 8 ਅਗਸਤ 2026 ਦਿਨ ਸ਼ਨੀਵਾਰ ਨੂੰ ਹੈਰੀਟੇਜ ਡੇਅ ਮਨਾਇਆ ਗਿਆ। ਸੁਸਾਇਟੀ ਦੀਆਂ ਮਹਿਲਾ ਮੈਂਬਰਾਂ ਕਰਮਜੀਤ ਕੌਰ ਚੌਹਾਨ ਅਤੇ ਸੋਮਪਾਲ ਕੌਰ ਖੁਰਮੀ ਦੀ ਅਗਵਾਈ ਹੇਠ ਚੈਲਸੀ ਪਾਉਂਡ ਦੇ ਨੇੜੇ ਪੰਜਾਬੀ ਵਿਰਸੇ ਨਾਲ ਸਬੰਧਿਤ ‘ਤੀਆਂ ਸਾਉਣ ਦੀਆਂ’ ਦੇ ਮੇਲੇ ਦਾ ਆਯੋਜਨ ਕੀਤਾ ਗਿਆ। ਪੰਜਾਬੀ ਮੁਟਿਆਰਾਂ ਅਤੇ ਔਰਤਾਂ ਨੇ ਗਿੱਧੇ ਅਤੇ ਬੋਲੀਆਂ ਦਾ ਚੰਗਾ ਪਿੜ੍ਹ ਬੰਨ੍ਹਿਆ। ਚਾਹ, ਕੋਲਡ ਡਰਿੰਕਸ, ਸਮੋਸੇ, ਨੂਡਲਜ ਅਤੇ ਜਲੇਬੀਆਂ ਦਾ ਲੰਗਰ ਨਾਲ ਦੀ ਨਾਲ ਚੱਲਿਆ। ਇਸ ਪ੍ਰੋਗਰਾਮ ਵਿੱਚ ਮੌਰਗੇਜ ਐਸੋਸੀਏਟ ਗੁਰਜੀਤ ਕੌਰ ਬਲਜੀਤ ਕੌਰ ਕੁਲਵੰਤ ਕੌਰ ਗੁਰਪ੍ਰੀਤ ਕੌਰ ਮਟਵਾਨੀ ਜਤਿੰਦਰ ਕੌਰ ਸਰਬਜੀਤ ਕੌਰ ਸੁੱਖਮਨ ਕੌਰ ਹਰਬੰਸ ਕੌਰ ਬਿਮਲਾ ਬਲਵਿੰਦਰ ਕੌਰ ਅਮਰਜੀਤ ਕੌਰ ਬਰਾੜ ਸ਼ਿੰਦਰਪਾਲ ਕੌਰ ਸਮੇਤ 50 ਦੇ ਲਗਭਗ ਔਰਤਾਂ ਨੇ ਭਾਗ ਲਿਆ। ਇਸ ਤੋਂ ਪਹਿਲਾਂ, ਬਾਅਦ ਦੁਪਹਿਰ ਸੁਸਾਇਟੀ ਵੱਲੋਂ ਸਾਊਥ ਸ਼ੋਰ ਦੇ ਨਾਲ ਨੀਲੇ ਪੁਲ ਕੋਲ ਹੈਰੀਟੇਜ ਡੇਅ ਮਨਾਇਆ ਗਿਆ। ਸੁਸਾਇਟੀ ਪ੍ਰਧਾਨ ਜਨਕ ਸਿੰਘ ਖੁਰਮੀ ਨੇ ਹੈਰੀਟੇਜ ਡੇ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਸੁਸਾਇਟੀ ਦੇ ਡਾਇਰੈਕਟਰਾਂ ਗੁਰਮੇਲ ਸਿੰਘ ਗਿੱਲ ਅਤੇ ਹਰਦੀਪ ਸਿੰਘ ਗਰੇਵਾਲ ਸਮੇਤ ਬਲਵੀਰ ਸਿੰਘ ਉੱਪਲ ਨਛੱਤਰ ਸਿੰਘ ਮੱਲੀ ਬਲਦੇਵ ਸਿੰਘ ਸੰਧੂ ਮਾਸਟਰ ਹਰੀ ਸਿੰਘ ਮਹੇਸ਼ ਸੁਖਚੈਨ ਸਿੰਘ ਜਗਰਾਜ ਸਿੰਘ ਗਿੱਲ ਜਸਵੰਤ ਸਿੰਘ ਸੋਮਲ ਰਣਜੀਤ ਸਿੰਘ ਤਰਲੋਚਨ ਸਿੰਘ ਰਾਏ ਕਰਤਾਰ ਸਿੰਘ ਕੰਮੋ ਅਮਰਜੀਤ ਸਿੰਘ ਤੂਰ ਅਮਰਜੀਤ ਸਿੰਘ ਕਾਲਕਟ ਸੁੱਖਮੰਦਰ ਸਿੰਘ ਬੜਿੰਗ ਰਵਿੰਦਰ ਸਿੰਘ ਬਰਾੜ ਜੋਗਿੰਦਰ ਸਿੰਘ ਗਿੱਲ ਰਣਧੀਰ ਸਿੰਘ ਝਓ ਅਤੇ ਹੋਰ ਲੋਕ ਹਾਜ਼ਰ ਸਨ। ਜਨਕ ਸਿੰਘ ਖੁਰਮੀ ਨੇ ਪੰਜਾਬੀ ਵਿਰਸੇ ਨਾਲ ਸਬੰਧਤ “ਪ੍ਰਦੇਸ਼ੀਂ ਵੱਸਣ ਵਾਲਿਓ ਵੇ, ਕਦੇ ਵਤਨੀਂ ਫੇਰਾ ਪਾ ਲਿਓ ਵੇ”ਕਵਿਤਾ ਦੇ ਬੋਲ ਵੀ ਸਾਂਝੇ ਕੀਤੇ।

# ਅਹਿਮਦੀਆ ਮੁਸਲਿਮ ਭਾਈਚਾਰੇ ਦੇ ਸਾਲਾਨਾ ਸਮਾਗਮ ਮੌਕੇ ਸਿੱਖ ਭਾਈਚਾਰੇ ਨੇ ਸ਼ਮੂਲੀਅਤ ਕੀਤੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀ ਕੈਲਗਰੀ ਵਿੱਚ ਅਹਿਮਦੀਆ ਮੁਸਲਿਮ ਭਾਈਚਾਰੇ ਵੱਲੋਂ ਸਾਲਾਨਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ਼ਾਮਿਲ ਹੋਣ ਲਈ ਚੈਸਟਰਮੇਅਰ ਪੰਜਾਬੀ ਬਜ਼ੁਰਗ ਸੁਸਾਇਟੀ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਅਤੇ ਸੁਸਾਇਟੀ ਵੱਲੋਂ ਸ੍ਰ ਸੁਖਦੇਵ ਸਿੰਘ ਭੂਰਾ ਕੋਹਨਾਂ, ਸ੍ਰ ਜਗਜੀਤ ਸਿੰਘ ਗਰੇਵਾਲ , ਸ੍ਰ ਜੁਗਰਾਜ ਸਿੰਘ ਗਿੱਲ ਅਤੇ ਸ੍ਰ ਕੁਲਦੀਪ ਸਿੰਘ ਗਿੱਲ ਸਮੇਤ ਸਮਾਗਮ ਵਿੱਚ ਸ਼ਮੂਲੀਅਤ ਦਾ ਮੌਕਾ ਮਿਲਿਆ।

ਸਮਾਗਮ ਦੇ ਪ੍ਰਬੰਧਕਾਂ ਵੱਲੋਂ *ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ , ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* ਦੇ ਫਲਸਫੇ ਅਨੁਸਾਰ ਦਿਖਾਈ ਮੁਹੱਬਤ, ਮਹਿਮਾਨ ਨਿਵਾਜੀ ਅਤੇ ਦਿੱਤੇ ਸਤਿਕਾਰ ਨੇ ਜਿੱਥੇ ਮਨ ਮੋਹ ਲਿਆ ਉੱਥੇ ਸਮਾਗਮ ਦੇ ਪ੍ਰਬੰਧਕਾਂ ਵਲੋਂ ਲਗਾਈ ਪ੍ਰਦਰਸ਼ਨੀ ਵਿੱਚ ਜਗਤ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੀ ਤਸਵੀਰ ਅਤੇ ਤਸਵੀਰ ਹੇਠ ਲਿਖੇ ਸਤਿਕਾਰਤ ਸ਼ਬਦ ਦੇਖ ਕੇ ਆਪਣੇ ਸਿੱਖ ਹੋਣ ਤੇ ਚੋਖਾ ਮਾਣ ਮਹਿਸੂਸ ਕਰਦੇ ਹੋਏ ਪ੍ਰਬੰਧਕਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਿੱਖ ਧਰਮ ਸਮੁੱਚੀ ਮਾਨਵਤਾ ਦੀ ਅਗਵਾਈ ਕਰਨ ਵਾਲਾ ਅਤੇ ਸਰਬੱਤ ਦੇ ਭਲੇ ਕਾਮਨਾ ਕਰਨ ਵਾਲਾ ਧਰਮ ਹੈ ਅਤੇ ਹਮੇਸ਼ਾ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ । ਮੁਸਲਿਮ ਸਮਾਜ ਦੀ ਸਿੱਖੀ ਨਾਲ ਸਾਂਝ ਬਾਰੇ ਭਾਈ ਮਰਦਾਨਾ ਜੀ,ਰਾਏ ਬੁਲਾਰ ਜੀ, ਸਾਂਈ ਮੀਆਂ ਮੀਰ ਜੀ, ਪੀਰ ਭੀਖਣ ਸ਼ਾਹ,ਪੀਰ ਬੁੱਧੂ ਸ਼ਾਹ, ਗਨੀ ਖਾਂ ਨਬੀ ਖਾਂ, ਰਾਏ ਕੱਲਾ ਅਤੇ ਨਵਾਬ ਸ਼ੇਰ ਖਾਂ ਮਲੇਰ ਕੋਟਲ਼ਾ ਵੱਲੋਂ ਨਿਭਾਏ ਰੋਲ ਨੂੰ ਯਾਦ ਕੀਤਾ ਗਿਆ।

ਪੱਛਮੀ ਕਨੇਡਾ ਦੇ ਅਹਿਮਦੀਆ ਭਾਈਚਾਰੇ ਦੇ ਪ੍ਰਧਾਨ ਆਮਿਰ ਨਾਦਿਰ ਮਲਿਕ ਨੇ ਸਿੱਖ ਭਾਈਚਾਰੇ ਦੀ ਹਾਜ਼ਰੀ ਲਈ ਵਿਸ਼ੇਸ਼ ਰੂਪ ਵਿੱਚ ਹਾਰਦਿਕ ਧੰਨਵਾਦ ਕੀਤਾ ਅਤੇ ਕਨੇਡਾ ਵਿੱਚ ਰਹਿਣ ਵਾਲੇ ਪੰਜਾਬੀਆਂ ਨੂੰ ਸਾਰੇ ਧਾਰਮਿਕ ਸਮਾਗਮ ਸਾਂਝੇ ਤੌਰ ਮਨਾਉਣ ਲਈ ਅਪੀਲ ਕੀਤੀ, ਅਤੇ ਦੋਹਾਂ ਕੌਮਾਂ ਦੀ ਸਲਾਮਤੀ ਦੀ ਦੁਆ ਕੀਤੀ ।



**ਚੈਸਟਰਮੀਅਰ ਪੰਜਾਬੀ ਬਜ਼ੁਰਗ(ਸੀਨੀਅਰਜ਼) ਸੁਸਾਇਟੀ ਵੱਲੋਂ ਮਿਤੀ 10 ਅਗਸਤ 2026 ਨੂੰ ਆਤਮਾ ਸਿੰਘ ਗਿੱਲ ਦੀ ਅਗਵਾਈ ਵਿੱਚ  ਚਾਲੀ ਸੀਨੀਅਰ ਵਿਅਕਤੀਆਂ ਨੇ Two Jack ਲੇਕ, ਮਿਨਵੰਕਾ ਲੇਕ, ਬੈਂਫ ਸਿਟੀ, ਕਾਨਫਰੰਸ ਸੈਂਟਰ ਅਤੇ ਬੋਅ .ਫਾਲਜ ਦਾ ਆਪਣਾ ਪਲੇਠਾ ਬੱਸ ਟੂਰ ਲਾਇਆ**






# ਔਰਤ ਨੂੰ ਆਪਣੇ ਮਨੁੱਖੀ ਹਿੱਤਾਂ ਲਈ ਲੜਾਈ ਆਪ ਲੜਣ ਲਈ ਪ੍ਰੇਰਦਾ ਨਾਵਲ

**ਨਿਰੰਜਣ ਬੋਹਾ, ਮਾਨਸਾ।**
ਮੁਬਾਇਲ -89682-82700

ਨਿਰੰਜਣ ਬੋਹਾ
ਮੈਂ ਮੁੜ ਆਵਾਂਗੀ - (ਨਾਵਲ)
ਲੇਖਕ - ਇਕਵਾਕ ਸਿੰਘ ਪੱਟੀ
ਪੰਨੇ -184 ਮੁੱਲ-349 ਰੁਪਏ
ਪ੍ਰਕਾਸ਼ਕ - ਮਾਝਾ ਵਰਡਵਾਈਡ, ਸ੍ਰੀ ਅੰਮ੍ਰਿਤਸਰ ਸਾਹਿਬ।
ਸੰਪਰਕ : 94787 67620




ਇਕਵਾਕ ਸਿੰਘ ਪੰਜਾਬੀ ਨਾਵਲ, ਕਹਾਣੀ, ਮਿੰਨੀ ਕਹਾਣੀ, ਵਾਰਤਕ, ਸ਼ਾਇਰੀ ਅਤੇ ਸੰਗੀਤ ਸਾਹਿਤ ਦੇ ਖੇਤਰ ਵਿੱਚ 15 ਪੁਸਤਕਾਂ ਦਾ ਮੁੱਲਵਾਨ ਯੋਗਦਾਨ ਪਾ ਚੁੱਕਾ ਹੈ। ਉਸਦੇ ਹੱਥਲੇ ਤੇ ਦੂਜੇ ਨਾਵਲ ਦੇ ਸਿਰਲੇਖ ਉੱਪਰ ਲਿਖੀ ਉਤਸ਼ਾਹ ਵਰਧਕ ਇਹ ਉਕਤੀ 'ਕੁਝ ਫ਼ੈਸਲੇ ਪੂਰੀ ਜ਼ਿੰਦਗੀ ਨੂੰ ਬਦਲ ਦਿੰਦੇ ਹਨ' ਪਾਠਕਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਨਾਵਲ ਦੇ ਪਾਤਰ ਆਪਣੀ ਦ੍ਰਿੜ ਇੱਛਾ ਸ਼ਕਤੀ ਦੇ ਬਲਬੂਤੇ 'ਤੇ ਆਪਣੀ ਜ਼ਿੰਦਗੀ ਨੂੰ ਸਕਾਰਤਮਕ ਦਿਸ਼ਾ ਦੇਣ ਵਿੱਚ ਜ਼ਰੂਰ ਹੀ ਕਾਮਯਾਬ ਹੋਣਗੇ। ਇਹ ਨਾਵਲ ਸਦੀਆਂ ਤੋਂ ਆਪਣੇ ਹਿੱਸੇ ਦੇ ਮਨੁੱਖੀ ਅਧਿਕਾਰ ਖੋਹੇ ਜਾਣ ਦਾ ਸੰਤਾਪ ਭੋਗ ਰਹੀਆਂ ਔਰਤਾਂ ਨੂੰ ਵੀ ਇਹ ਹੌਸਲਾ ਪ੍ਰਦਾਨ ਕਰਦਾ ਹੈ ਕਿ ਉਹ ਆਪਣੀ ਸੰਘਰਸ਼ੀ ਸਮਰੱਥਾ ਦੇ ਬਲਬੂਤੇ 'ਤੇ ਮਰਦ ਪ੍ਰਧਾਨ ਸਮਾਜ ਨੂੰ ਆਪਣੇ ਖੋਹੇ ਗਏ ਅਧਿਕਾਰ ਵਾਪਸ ਕਰਨ ਮਜਬੂਰ ਕਰ ਸਕਦੀਆਂ ਹਨ। ਨਾਵਲ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਕਿਸੇ ਔਰਤ ਅੰਦਰ ਪੈਦਾ ਹੋਇਆ ਆਪਣੇ ਮੁੜ ਕੇ ਆਉਣ ਦਾ ਯਕੀਨ ਹੀ ਉਸ ਨੂੰ ਆਪਣੇ ਹੱਕਾਂ ਅਤੇ ਹਿੱਤਾ ਦੇ ਵਿਰੁੱਧ ਭੁਗਤਦੀਆਂ ਸਮਾਜਿਕ ਕੀਮਤਾ ਨੂੰ ਚਨੌਤੀ ਦੇਣ ਦੇ ਸਮਰੱਥ ਬਣਾਉਂਦਾ ਹੈ। ਇਸੇ ਲਈ ਇਹ ਨਾਵਲ ਹਾਰ ਨੂੰ ਕਦੇ ਅੰਤ ਨਾ ਮੰਨਣ ਅਤੇ ਸੰਘਰਸ਼ ਨੂੰ ਆਪਣੀ ਤਾਕਤ ਬਣਾਉਣ ਵਾਲੀਆਂ ਕੁੜੀਆਂ ਨੂੰ ਸਮਰਪਿਤ ਕੀਤਾ ਗਿਆ ਹੈ।

ਨਾਇਕਾ ਪ੍ਰਧਾਨ ਇਸ ਨਾਵਲ ਦੀ ਨਾਇਕਾ ਰਾਜਵੰਤ ਕੌਰ ਉਰਫ਼ ਰਾਜੀ ਹੈ। ਭਾਵੇਂ ਉਸਦੀਆਂ ਹੋਰ ਚਾਰ ਸਹੇਲੀਆਂ ਕੁਲਬੀਰ, ਜਸਵੀਰ, ਮੰਨਤ ਅਤੇ ਸਾਖਸ਼ੀ ਸ਼ੁਰੂ ਵਿਚ ਉਸ ਅੰਦਲੇ ਨਾਇਕਤੱਵ ਨੂੰ ਉਭਾਰਣ ਵਿਚ ਮੱਦਦਗਾਰ ਬਣਦੀਆਂ ਹਨ ਪਰ ਉਹ ਸੰਘਰਸ਼ ਦੇ ਅਗਲੇ ਪੜਾਅ ਆਪਣੀ ਇੱਛਾ ਸ਼ਕਤੀ ਰਾਹੀਂ ਹੀ ਪਾਰ ਕਰਦੀ ਹੈ। ਅਗਾਂਹਵਧੂ ਸਾਹਿਤ ਦੀ ਪਾਠਕ ਹੋਣ ਕਾਰਨ ਉਸਦਾ ਦਿਲ ਤੇ ਦਿਮਾਗ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਔਰਤ ਨੂੰ ਆਪਣੇ ਜੀਵਨ ਦੇ ਕੁਝ ਫੈਸਲੇ ਆਪ ਵੀ ਲੈਣੇ ਚਾਹੀਦੇ ਹਨ। ਉਹ ਤੇ ਉਸਦੀਆਂ ਸਹੇਲੀਆਂ ਵਆਹ ਸੰਸਥਾ ਵਿਚ ਕੁਝ ਅਜਿਹੇ ਬਦਲਾਓ ਲਿਆਉਣ ਦੀ ਇੱਛਾ ਰੱਖਦੀਆਂ ਹਨ, ਜਿਹੜੇ ਇਸ ਸੰਸਥਾਂ ਵਿਚ ਔਰਤ ਨੂੰ ਵੀ ਮਰਦ ਦੇ ਬਰਾਬਰ ਦੇ ਅਧਿਕਾਰ ਦੇਣ ਦੇ ਸਮਰੱਥ ਹੋਣ। ਨਾਵਲ ਅਨੁਸਾਰ ਭਾਵੇਂ ਮਾਪੇ ਆਪਣੇ ਵੱਲੋਂ ਆਪਣੀ ਧੀ ਲਈ ਚੰਗਾ ਵਰ ਤੇ ਘਰ ਹੀ ਤਲਾਸ਼ ਕਰਦੇ ਹਨ, ਫਿਰ ਵੀ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਦੀ ਸੰਸਕਾਰਗਤ ਰੂੜੀ ਕਾਰਨ ਬਹੁਤ ਸਾਰੀਆਂ ਧੀਆਂ ਨੂੰ ਸਾਰੀ ਉਮਰ ਮਾਨਸਿਕ ਸੰਤਾਪ ਭੋਗਣਾ ਪੈਂਦਾ ਹੈ। ਰਾਜੀ ਦਾ ਵਿਚਾਰ ਹੈ ਕਿ ਜੇ ਕੁੜੀਆਂ ਪੜ੍ਹ ਲਿਖ ਕੇ ਰੁਜ਼ਗਾਰਸ਼ੁਦਾ ਬਣ ਜਾਣ ਤਾਂ ਉਨ੍ਹਾਂ ਦੇ ਹੱਕ ਕੋਈ ਨਹੀਂ ਖੋਹ ਸਕਦਾ।

ਇਹ ਪੰਜੇ ਸਹੇਲੀਆਂ ਵੱਲੋਂ ਔਰਤ ਨਾਲ ਹੋਣ ਵਾਲੇ ਸਮਾਜਿਕ ਵਿਤਕਰੇ ਦਾ ਵਿਰੋਧ ਕਰਨ ਦੀ ਸ਼ੁਰੂਆਤ ਉਦੋਂ ਹੁੰਦੀ ਹੈ ਜਦੋਂ ਰਾਜੀ ਦੀ ਭੈਣ ਕੁਲਵੰਤ ਦਾ ਰਿਸ਼ਤਾ ਇਕ ਅਮੀਰ ਪਰਿਵਾਰ ਦੇ ਮੁੰਡੇ ਜਗਬੀਰ ਨਾਲ ਤੈਅ ਹੋ ਜਾਂਦਾ ਹੈ। ਭਾਵੇਂ ਜਗਬੀਰ ਤੇ ਉਸਦੇ ਮਾਪੇ ਲਾਲਚੀ ਕਿਸਮ ਦੇ ਲੋਕ ਹੀਂ ਹਨ ਪਰ ਵਿਚੋਲਾ ਵਿਆਹ ਮੰਡੀ ਵਿਚ ਆਪਣਾ ਮੁੱਲ ਵਧਾਉਣ ਲਈ ਆਪਣੇ ਵੱਲੋਂ ਹੀ ਕੁੜੀ ਵਾਲਿਆਂ ਦੇ ਘਰ ਸੁਨੇਹਾ ਪਹੁੰਚਾ ਦਿੰਦੀ ਹੈ ਕਿ ਮੁੰਡੇ ਦੀ ਮਾਂ ਦਾਜ ਵਿਚ ਕੋਈ ਮਹਿੰਗੀ ਕਾਰ ਲੈਣ ਦੀ ਇੱਛਾ ਰੱਖਦੀ ਹੈ। ਭਾਵੇਂ ਰਾਜੀ ਦੇ ਮਾਪੇ ਦਾਜ ਵਿੱਚ ਕਾਰ ਦੇਣ ਦੀ ਹੈਸੀਅਤ ਤਾਂ ਨਹੀਂ ਰੱਖਦੇ ਪਰ ਧੀ ਦਾ ਰਿਸ਼ਤਾ ਟੁੱਟਣ ਦੇ ਡਰ ਕਾਰਨ ਉਹ ਕਰਜ਼ਾ ਚੁੱਕ ਕੇ ਵੀ ਮੁੰਡੇ ਵਾਲਿਆਂ ਦੀ ਮੰਗ ਪੂਰੀ ਕਰਨ ਲਈ ਤਿਆਰ ਹੋ ਜਾਂਦੇ ਹਨ। ਰਾਜਵੰਤ ਇਹ ਸਮੱਸਿਆ ਆਪਣੀਆਂ ਸਹੇਲੀਆਂ ਨਾਲ ਸਾਂਝੀ ਕਰਦੀ ਹੈ ਤਾਂ ਪੰਜੇ ਜਣੀਆਂ ਆਪਣੇ ਮਾਪਿਆਂ ਤੋਂ ਚੋਰੀ ਕੁਲਵੰਤ ਦੇ ਹੋਣ ਵਾਲੇ ਪਤੀ ਨੂੰ ਇਸ ਮੰਤਵ ਨਾਲ ਮਿਲਦੀਆਂ ਹਨ ਕਿ ਉਸ ਨਾਲ ਗੱਲ ਕਰਕੇ ਇਸ ਸਮੱਸਿਆ ਦਾ ਕੋਈ ਤਰਕਸੰਗਤ ਹੱਲ ਲੱਭਿਆ ਜਾ ਸਕੇ। ਜਗਬੀਰ ਖੁਦ ਅਗਾਂਹਵੱਧੂ ਨੌਜਵਾਨ ਹੈ, ਇਸ ਲਈ ਉਹ ਆਪਣੀਆਂ ਸਾਲੀਆਂ ਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਦਾਜ ਦਹੇਜ ਦੇ ਹੱਕ ਵਿਚ ਨਹੀਂ ਹੈ ਤੇ ਇਸ ਸਮੱਸਿਆਂ ਹੱਲ ਵੀ ਉਹ ਆਪ ਹੀ ਤਲਾਸ਼ ਕਰੇਗਾ। ਉਹ ਅੱਗੇ ਲਈ ਨਾਰੀ ਹੱਕਾਂ ਲਈ ਲੜੀ ਜਾਣ ਵਾਲੀ ਵਾਲੀ ਵਿੱਚ ਉਨ੍ਹਾਂ ਦਾ ਸਾਥ ਦੇਣ ਦੀ ਹਾਮੀ ਵੀ ਭਰਦਾ ਹੈ।

ਭੈਣ ਦੇ ਵਿਆਹ ਵਿਚ ਆਈ ਰੁਕਾਵਟ ਨੂੰ ਦੂਰ ਕਰਕੇ ਰਾਜਵੰਤ ਦਾ ਹੌਸਲਾ ਵੱਧ ਜਾਂਦਾ ਹੈ ਤਾਂ ਉਹ ਮਨ ਬਣਾ ਲੈਂਦੀ ਹੈ ਕਿ ਉਹ ਆਪ ਪੜ੍ਹ ਲਿਖ ਕੇ ਆਪਣੀ ਸਮਾਜਿਕ ਹੋਂਦ ਨੂੰ ਸਥਾਪਿਤ ਕਰੇਗੀ ਤੇ ਆਪਣੇ ਜੀਵਨ ਸਾਥੀ ਦੀ ਚੋਣ ਵੀ ਆਪ ਹੀ ਕਰੇਗੀ। ਉਸਦੀਆਂ ਚਾਰੇ ਸਹੇਲੀਆਂ ਦੇ ਮਾਪੇ ਉਨ੍ਹਾਂ ਨੂੰ ਅੱਗੇ ਪੜ੍ਹਾਉਣ ਦੀ ਬਜਾਏ ਉਨ੍ਹਾਂ ਦੇ ਵਿਆਹ ਛੇਤੀ ਕਰਨ ਵਿਚ ਆਪਣੀ ਤੇ ਉਨ੍ਹਾਂ ਦੀ ਭਲਾਈ ਵੇਖਦੇ ਹਨ। ਉਹ ਰਾਜਵੰਤ ਵਾਂਗ ਮਾਨਸਿਕ ਤੌਰ 'ਤੇ ਦ੍ਰਿੜ ਨਹੀਂ ਹਨ ,ਇਸ ਲਈ ਹੋਰ ਪੜ੍ਹਣ ਲਿਖਣ ਦੀ ਇੱਛਾ ਦਾ ਪ੍ਰਗਟਾਵਾ ਕਰਨ ਦੀ ਬਜਾਏ ਉਹ ਆਪਣੇ ਮਾਪਿਆਂ ਦੀ ਇੱਛਾ ਅੱਗੇ ਸਿਰ ਝੁਕਾ ਦਿੰਦੀਆਂ ਹਨ। ਇਸ ਕੰਮਜੋਰ ਮਾਨਸਿਕਤਾ ਦਾ ਖਮਿਆਜ਼ਾ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਮਾਪਿਆਂ ਨੂੰ ਵੀ ਉਸ ਵੇਲੇ ਭੋਗਣਾ ਪੈਂਦਾ ਹੈ, ਜਦੋਂ ਉਹ ਆਪਣੇ ਆਪਣੇ ਸਹੁਰੇ ਘਰ ਵਿਚ ਜ਼ਰ- ਖਰੀਦ ਗੁਲਾਮ ਬਣ ਕੇ ਰਹਿ ਜਾਂਦੀਆਂ ਹਨ। ਚਾਹੇ ਸਕੂਲ ਵਿਚ ਪੜ੍ਹਦੀ ਸਾਖਸ਼ੀ ਦਾ ਰਿਸ਼ਤਾ ਤੈਹ ਹੋਣ 'ਤੇ ਰਾਜੀ ਉਸਦੇ ਮਾਪਿਆਂ ਨੂੰ ਸਮਝਾਉਂਦੀ ਵੀ ਹੈ ਪਰ ਸਾਖਸ਼ੀ ਦੇ ਚੁੱਪ ਰਹਿਣ ਕਾਰਨ ਉਸ ਨੂੰ ਵਿਆਹ ਤੋਂ ਪਹਿਲਾਂ ਬਾਰਵੀਂ ਦੇ ਪੇਪਰ ਦੇਣ ਦੀ ਛੋਟ ਹੀ ਮਿਲਦੀ ਹੈ।

ਰਾਜਵੰਤ ਦੀ ਮਾਨਸਿਕ ਦ੍ਰਿੜਤਾ ਦੀ ਅਸਲ ਪਰਖ ਉਸ ਵੇਲੇ ਹੁੰਦੀ ਹੈ ਜਦੋਂ ਉਸਦੇ ਮਾਪੇ ਵਿਚੋਲੇ 'ਤੇ ਵਿਸ਼ਵਾਸ ਕਰਕੇ ਉਸਦਾ ਵਿਆਹ ਇਕ ਅਮੀਰ ਸਮਝੇ ਜਾਂਦੇ ਮੁੰਡੇ ਨਾਲ ਕਰਨ ਲਈ ਕਾਹਲੇ ਪੈ ਜਾਂਦੇ ਹਨ। ਉਹ ਨਾ ਤਾਂ ਆਪਣੇ ਮਾਪਿਆਂ ਦਾ ਮਾਣ ਤੋੜਣਾ ਚਾਹੁੰਦੀ ਤੇ ਨਾ ਹੀ ਵਕੀਲ ਬਣ ਕੇ ਔਰਤ ਦਾ ਹਿੱਤਾਂ ਲਈ ਲੜਣ ਸਬੰਧੀ ਆਪਣੇ ਲਈ ਨਿਸਚਿਤ ਕੀਤੇ ਟੀਚੇ ਤੋਂ ਪਿੱਛੇ ਹੱਟਣਾ ਚਾਹੁੰਦੀ ਹੈ। ਇਸ ਮੌਕੇ 'ਤੇ ਉਸਦਾ ਜੀਜਾ ਜਗਬੀਰ ਉਸ ਨਾਲ ਕੀਤਾ ਵਾਅਦਾ ਪੁਗਾਉਣ ਲਈ ਉਸਦਾ ਸਾਥ ਦਿੰਦਿਆਂ ਆਪਣੇ ਸਹੁਰੇ ਨੂੰ ਪ੍ਰੇਰਿਤ ਕਰ ਲੈਂਦਾ ਹੈ ਕਿ ਵਿਚੋਲੇ ਤੇ ਵਿਸ਼ਵਾਸ ਕਰਨ ਦੀ ਬਜਾਏ ਮੁੰਡੇ ਤੇ ਉਸਦੇ ਘਰ ਬਾਰ ਬਾਰੇ ਆਪਣੇ ਪੱਧਰ 'ਤੇ ਵੀ ਜਾਣਕਾਰੀ ਲਈ ਜਾਵੇ ਤੇ ਰਾਜਵੰਤ ਦੇ ਵਿਆਹ ਕੁਝ ਅੱਗੇ ਪਾ ਦਿੱਤਾ ਜਾਵੇ। ਇਸ ਸਮੇਂ ਦੌਰਾਨ ਹੀ ਅਮੀਰ ਘਰ ਦਾ ਨਸ਼ੇੜੀ ਤੇ ਐਬੀ ਕਾਕਾ ਸ਼ਰਾਬੀ ਹਾਲਤ ਵਿਚ ਬੱਸ ਵਿਚ ਬੈਠੀ ਰਾਜੀ ਦਾ ਗੁੱਟ ਫੜ੍ਹ ਕੇ ਆਪ ਹੀ ਅਜਿਹਾ ਹਾਲਤ ਪੈਦਾ ਕਰ ਦਿੰਦਾ ਹੈ ਰਾਜਵੰਤ ਦਾ ਪਿਉ ਕਿਸੇ ਵਿਗੜੇ ਕਾਕੇ ਨਾਲ ਆਪਣੀ ਧੀ ਦਾ ਰਿਸ਼ਤਾ ਕਰਨ ਤੋਂ ਆਪ ਹੀ ਇੰਨਕਾਰ ਕਰ ਦੇਵੇ। ਨਾਵਲ ਵਿਚ ਇਹ ਘਟਨਾਕ੍ਰਮ ਵਾਪਰਣ 'ਤੇ ਰਾਜੀ ਦੇ ਮਾਪਿਆਂ ਨੂੰ ਇਹ ਅਹਿਸਾਸ ਵੀ ਹੁੰਦਾ ਹੈ ਕਿ ਧੀ ਲਈ ਤਲਾਸ਼ੇ ਵਰ ਦੀ ਯੋਗਤਾ ਸਿਰਫ਼ ਉਸਦੇ ਨਾਂ ਬੋਲਦੀ ਜ਼ਮੀਨ ਹੀ ਨਹੀਂ ਹੁੰਦੀ।

ਨਾਵਲ ਇਹ ਵੀ ਸਾਬਤ ਕਰਦਾ ਹੈ ਕਿ ਸਾਰੇ ਮਰਦ ਔਰਤ ਦੇ ਮਨੁੱਖੀ ਹੱਕ ਖੋਹਣ ਵਾਲੇ ਨਹੀਂ ਹੁੰਦੇ ਸਗੋਂ ਜਗਬੀਰ ਵਰਗੇ ਕੁਝ ਅਗਾਂਹਵੱਧੂ ਨੌਜਵਾਨ ਇਨ੍ਹਾਂ ਅਧਿਕਾਂਰਾ ਦੀ ਲੜਾਈ ਵਿਚ ਉਨ੍ਹਾਂ ਦਾ ਸਾਥ ਦੇਣ ਵਾਲੇ ਵੀ ਹੁੰਦੇ ਹਨ। ਆਪਣੇ ਨਿਸਚਿਤ ਟੀਚੇ ਅਨੁਸਾਰ ਵਕੀਲ ਬਣੀ ਰਾਜੀ ਆਪਣੇ ਜੀਵਨ ਸਾਥੀ ਵਜੋਂ ਜਸਪ੍ਰੀਤ ਸਿੰਘ ਆਈ.ਪੀ.ਐਸ ਦੀ ਚੋਣ ਵੀ ਉਸ ਦੇ ਅਗਾਹਵੱਧੂ ਵਿਚਾਰਾਂ ਕਾਰਨ ਹੀ ਕਰਦੀ ਹੈ। ਜਸਪ੍ਰੀਤ ਸਿਰਫ ਉਸਨੂੰ ਹੀ ਘਰ ਵਿੱਚ ਬਰਾਬਰੀ ਦੇ ਅਧਿਕਾਰ ਨਹੀਂ ਦਿੰਦਾ ਸਗੋਂ ਉਸਦੀਆਂ ਸਹੇਲੀਆਂ ਦੀ ਲੀਹ ਤੋਂ ਲੱਥੀ ਗ੍ਰਹਿਸਥੀ ਗੱਡੀ ਨੂੰ ਵੀ ਮੁੜ ਲੀਹ 'ਤੇ ਪਾਉਣ ਵਿੱਚ ਉਨ੍ਹਾਂ ਦੀ ਮੱਦਦ ਕਰਦਾ ਹੈ। ਰਾਜੀ ਆਪਣੀ ਇੱਛਤ ਮੰਜ਼ਲ 'ਤੇ ਪਹੁੰਚ ਸਕੇਗੀ ਜਾਂ ਨਹੀਂ, ਇਹ ਜਾਨਣ ਦੀ ਉਤਸੁਕਤਾ ਨਾਵਲ ਪਾਠ ਦੀ ਦਿਲਚਸਪੀ ਨੂੰ ਲਗਾਤਾਰ ਬਣਾਈ ਰੱਖਦੀ ਹੈ। ਔਰਤ ਨੂੰ ਆਪਣੇ ਮਕਸਦ ਵਿਚ ਕਾਮਯਾਬ ਹੋਇਆ ਵੇਖਣ ਲਈ ਨਾਵਲ ਦਾ ਅੰਤ ਭਾਵੇਂ ਕੁਝ ਨਾਟਕੀ ਜਿਹਾ ਬਣ ਗਿਆ ਹੈ ਪਰ ਨਾਵਲ ਵਿਚਲਾ ਕਹਾਣੀ ਰਸ ਇਸ ਗੱਲ ਨੂੰ ਵਧੇਰੇ ਅੱਖਰਣ ਨਹੀਂ ਦਿੰਦਾ। ਗਲਪ ਦੇ ਖੇਤਰ ਵਿਚ ਲੇਖਕ ਦੇ ਹੋਰ ਚੰਗੇਰੇ ਭਵਿੱਖ ਦੀ ਨਿਸ਼ਾਨਦੇਹੀ ਕਰਨ ਵਾਲੇ ਇਸ ਨਾਵਲ ਨੂੰ ਜੀ ਆਇਆਂ ਆਖਦਾ ਹਾਂ।

## ਇਨਸਾਫ਼ ਦੀ ਜਿੱਤ: ਜ਼ਾਲਮਾਨਾ ਅਪਰਾਧ ਲਈ ਕੋਈ ਰਹਿਮ ਨਹੀਂ

# ਭਾਰਤੀ ਆਈ.ਟੀ ਪੇਸ਼ੇਵਰ ਸੰਦੀਪ ਧੀਮਾਨ ਦੇ ਕਾਤਲ ਨੂੰ ਹੋਈ ਉਮਰ ਕੈਦ ਦੀ ਸਜ਼ਾ ਬਰਕਰਾਰ, ਅਦਾਲਤ ਨੇ ਅਪੀਲ ਕੀਤੀ ਰੱਦ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਵਿਚ ਭਾਰਤ ਤੋਂ ਆਏ 30 ਸਾਲਾ ਆਈਟੀ ਪੇਸ਼ੇਵਰ ਸੰਦੀਪ ਧੀਮਾਨ ਦੇ ਬੇਰਹਿਮ ਕਤਲ ਦੇ ਮਾਮਲੇ ਵਿਚ ਅਦਾਲਤ ਨੇ ਵੱਡਾ ਫੈਸਲਾ ਸੁਣਾਇਆ ਹੈ। ਕੋਰਟ ਆਫ ਅਪੀਲ ਨੇ ਦੋਸ਼ੀ ਸ਼ਾਨ ਲਿਆਮ ਕਾਰਾਊਰੀਆ ਦੀ ਉਮਰ ਕੈਦ ਦੀ ਸਜ਼ਾ 'ਤੇ ਮੁੜ ਵਿਚਾਰ ਕਰਨ ਦੀ ਅਰਜ਼ੀ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕਾਤਲ ਦੀ ਘੱਟ ਉਮਰ ਅਤੇ ਮਾਨਸਿਕ ਸਥਿਤੀ ਦੇ ਬਾਵਜੂਦ ਉਸ ਦੁਆਰਾ ਕੀਤਾ ਗਿਆ ਅਪਰਾਧ ਬੇਹੱਦ ਗੰਭੀਰ ਅਤੇ ਜ਼ਾਲਮਾਨਾ ਸੀ, ਜਿਸ ਕਰਕੇ ਉਸ ਦੀ ਸਜ਼ਾ ਵਿਚ ਕੋਈ ਛੋਟ ਨਹੀਂ ਦਿੱਤੀ ਜਾ ਸਕਦੀ।




ਮੀਡੀਆ ਰਿਪੋਰਟ ਅਨੁਸਾਰ, ਹੁਣ 26 ਸਾਲ ਦੇ ਹੋ ਚੁੱਕੇ ਕਾਰਾਊਰੀਆ ਨੇ ਅਦਾਲਤ ਵਿਚ ਤਰਕ ਦਿੱਤਾ ਸੀ ਕਿ ਸਜ਼ਾ ਦੇ ਨਵੇਂ ਨਿਯਮਾਂ ਅਨੁਸਾਰ ਉਸ ਦੀ ਉਮਰ ਕੈਦ ਦੀ ਸਜ਼ਾ ਨੂੰ ਇੱਕ ਨਿਸ਼ਚਿਤ ਜੇਲ੍ਹ ਦੀ ਮਿਆਦ ਵਿਚ ਬਦਲਿਆ ਜਾਵੇ। ਪਰ ਅਦਾਲਤ ਨੇ ਇਸ ਦਲੀਲ ਨੂੰ ਰੱਦ ਕਰਦਿਆਂ ਉਸ ਦੀ ਉਮਰ ਕੈਦ ਅਤੇ 12 ਸਾਲ ਦੀ ਘੱਟੋ-ਘੱਟ ਬਿਨਾਂ ਪੈਰੋਲ ਜੇਲ੍ਹ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ।

ਇਹ ਦਰਦਨਾਕ ਘਟਨਾ ਦਸੰਬਰ 2017 ਦੀ ਹੈ। ਸੰਦੀਪ ਧੀਮਾਨ, ਜੋ ਭਾਰਤ ਤੋਂ ਆਪਣੀ ਪੜ੍ਹਾਈ ਅਤੇ ਰੋਜ਼ਗਾਰ ਦੀ ਭਾਲ ਵਿਚ ਨਿਊਜ਼ੀਲੈਂਡ ਆਇਆ ਸੀ ਅਤੇ ਨੇਪੀਅਰ ਵਿਚ ਕੋਰਸ (Chorus) ਕੰਪਨੀ ਵਿਚ ਕੰਮ ਕਰ ਰਿਹਾ ਸੀ, ਨੂੰ ਧੋਖੇ ਨਾਲ ਜਾਲ ਵਿਚ ਫਸਾਇਆ ਗਿਆ। 17 ਸਾਲਾ ਰੋਜ਼ੀ ਪੇਜ ਲੁਈਸ ਨੇ ਟਿੰਡਰ ਐਪ ਰਾਹੀਂ ਸੰਦੀਪ ਨਾਲ ਦੋਸਤੀ ਕੀਤੀ ਅਤੇ ਉਸ ਨੂੰ ਇੱਕ ਅਲੱਗ-ਥਲੱਗ ਜਗ੍ਹਾ 'ਤੇ ਮਿਲਣ ਲਈ ਰਾਜ਼ੀ ਕੀਤਾ। ਜਿਵੇਂ ਹੀ ਸੰਦੀਪ ਉੱਥੇ ਪਹੁੰਚਿਆ, ਕਾਰਾਊਰੀਆ ਉਸ ਨੂੰ ਸੈਰ ਦੇ ਬਹਾਨੇ ਲੈ ਗਿਆ ਅਤੇ ਚਾਕੂ ਨਾਲ 9 ਵਾਰ ਹਮਲਾ ਕੀਤਾ। ਗੰਭੀਰ ਜ਼ਖਮੀ ਹੋਣ ਦੇ ਬਾਵਜੂਦ ਸੰਦੀਪ ਨੇ ਸੜਕ ਵੱਲ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਕਾਰਾਊਰੀਆ ਨੇ ਉਸ ਨੂੰ ਦੁਬਾਰਾ ਘੇਰ ਲਿਆ ਅਤੇ ਉਸ ਦੇ ਚਿਹਰੇ ਤੇ ਸਿਰ 'ਤੇ ਬੇਰਹਿਮੀ ਨਾਲ ਲੱਤਾਂ ਮਾਰੀਆਂ। ਜਦੋਂ ਲੁਈਸ ਨੇ ਕਿਹਾ ਕਿ ਸੰਦੀਪ ਅਜੇ ਵੀ ਹਿੱਲ ਰਿਹਾ ਹੈ, ਤਾਂ ਕਾਰਾਊਰੀਆ ਨੇ ਵਾਪਸ ਆ ਕੇ ਉਸ 'ਤੇ ਫਿਰ ਹਮਲਾ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸ ਦੀ ਮੌਤ ਹੋ ਚੁੱਕੀ ਹੈ। ਸੰਦੀਪ ਦੀ ਮ੍ਰਿਤਕ ਦੇਹ 18 ਦਸੰਬਰ 2017 ਨੂੰ ਸੜਕ ਕਿਨਾਰੇ ਛੱਪੜ ਵਿਚੋਂ ਮਿਲੀ, ਜਿਸ ਦਿਨ ਉਸ ਦਾ 31ਵਾਂ ਜਨਮਦਿਨ ਸੀ।

ਸਾਲ 2018 ਵਿਚ ਹਾਈ ਕੋਰਟ ਦੇ ਜੱਜ ਸਾਈਮਨ ਫਰਾਂਸ ਨੇ ਇਸ ਕਤਲ ਨੂੰ ਪੂਰੀ ਯੋਜਨਾਬੱਧ ਅਤੇ ਅਤਿ-ਜ਼ਾਲਮਾਨਾ ਕਰਾਰ ਦਿੱਤਾ ਸੀ। ਹਾਲਾਂਕਿ ਜੱਜ ਨੇ ਉਸ ਸਮੇਂ ਕਾਰਾਊਰੀਆ ਦੀ ਘੱਟ ਉਮਰ, ਪਿਤਾ ਦੀ ਮੌਤ ਤੋਂ ਬਾਅਦ ਵਿਗੜੀ ਮਾਨਸਿਕ ਸਥਿਤੀ ਅਤੇ ਪਰਿਵਾਰਕ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦਿਆਂ ਸਜ਼ਾ ਵਿਚ ਕੁਝ ਛੋਟ ਦਿੱਤੀ ਸੀ, ਜਿਸ ਨਾਲ ਉਸ ਨੂੰ 12 ਸਾਲ ਦੀ ਘੱਟੋ-ਘੱਟ ਜੇਲ੍ਹ ਦੀ ਮਿਆਦ ਨਾਲ ਉਮਰ ਕੈਦ ਮਿਲੀ ਸੀ। ਉਸ ਦੀ ਸਾਥੀ ਰੋਜ਼ੀ ਲੁਈਸ ਨੂੰ ਵੀ ਉਮਰ ਕੈਦ ਅਤੇ 11 ਸਾਲ ਦੀ ਘੱਟੋ-ਘੱਟ ਸਜ਼ਾ ਸੁਣਾਈ ਗਈ ਸੀ।

ਕਾਰਾਊਰੀਆ ਦੇ ਵਕੀਲ ਨੇ 2023 ਦੇ ਇੱਕ ਨਵੇਂ ਅਦਾਲਤੀ ਫੈਸਲੇ ਦਾ ਹਵਾਲਾ ਦਿੰਦੇ ਹੋਏ ਸਜ਼ਾ ਘਟਾਉਣ ਦੀ ਮੰਗ ਕੀਤੀ ਸੀ। ਪਰ ਕੋਰਟ ਆਫ ਅਪੀਲ ਨੇ ਫੈਸਲਾ ਸੁਣਾਇਆ ਕਿ ਪਹਿਲੇ ਜੱਜ ਨੇ ਪਹਿਲਾਂ ਹੀ ਦੋਸ਼ੀ ਦੀ ਉਮਰ ਅਤੇ ਮਾਨਸਿਕ ਸਥਿਤੀ 'ਤੇ ਵਿਚਾਰ ਕਰ ਲਿਆ ਸੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜਿਸ ਯੋਜਨਾਬੱਧ ਤਰੀਕੇ ਅਤੇ ਕਰੂਰਤਾ ਨਾਲ ਸੰਦੀਪ ਦਾ ਕਤਲ ਕੀਤਾ ਗਿਆ ਸੀ, ਉਸ ਵਿਚ ਉਮਰ ਕੈਦ ਤੋਂ ਘੱਟ ਸਜ਼ਾ ਦੇਣਾ ਨਾਇਨਸਾਫ਼ੀ ਹੋਵੇਗੀ। ਇਸ ਤੋਂ ਇਲਾਵਾ, ਅਦਾਲਤ ਨੇ ਸਜ਼ਾ ਤੋਂ 7 ਸਾਲ ਬਾਅਦ ਅਪੀਲ ਦਾਇਰ ਕਰਨ ਦੀ ਦੇਰੀ ਨੂੰ ਵੀ ਅਰਜ਼ੀ ਰੱਦ ਕਰਨ ਦਾ ਆਧਾਰ ਬਣਾਇਆ। ਵਰਨਣਯੋਗ ਹੈ ਕਿ ਸੰਦੀਪ ਧੀਮਾਨ ਖਰੜ ਨਾਲ ਸਬੰਧਿਤ ਸੀ।

# ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ



**ਸੁਖਦੇਵ ਸਿੰਘ ਭੂਰਾ ਕੋਹਨਾਂ**
ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ।
ਮੋਬਾਈਲ +919814898268

ਸਿੱਖ ਧਰਮ ਦੀ ਚਲਦੀ ਫਿਰਦੀ ਯੂਨੀਵਰਸਿਟੀ ਦਮਦਮੀ ਟਕਸਾਲ ਜਥਾ ਭਿੰਡਰਾਂ ਸਿੱਖ ਜਗਤ ਵਿੱਚ ਵਿਸ਼ੇਸ਼ ਅਤੇ ਸਤਿਕਾਰਤ ਸਥਾਨ ਰੱਖਦੀ ਹੈ ।ਇਸਦੀ ਸਥਾਪਨਾ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਆਪ ਕੀਤੀ ਸੀ ਸਮੇਂ ਸਮੇਂ ਮਹਾਨ ਸ਼ਖਸੀਅਤਾਂ ਵਿਦਵਾਨ ਪੁਰਸ਼ਾਂ ਇਸ ਜਥੇਬੰਦੀ ਦੇ ਪਲੇਟਫ਼ਾਰਮ ਤੋਂ ਕੌਮ ਦੀ ਵਡਮੁੱਲੀ ਸੇਵਾ ਕੀਤੀ, ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸਿੱਖੀ ਪ੍ਰਤੀ ਕੀਤੀਆਂ ਮਹਾਨ ਸੇਵਾਵਾਂ ਅਤੇ ਵਿਲੱਖਣ ਸ਼ਹਾਦਤ ਕਰਕੇ ਇਸ ਨੂੰ ਸ਼ਹੀਦਾਂ ਦੀ ਜਥੇਬੰਦੀ ਹੋਣ ਦਾ ਵੀ ਮਾਣ ਪ੍ਰਾਪਤ ਹੈ ।ਮਹਾਨ ਸ਼ਖਸੀਅਤਾਂ ਅਤੇ ਵਿਦਵਾਨਾਂ ਲੜੀ ਵਿੱਚ ਤੇਰ੍ਹਵੇਂ ਸਥਾਨ ਤੇ ਗੁਰਮਤਿ ਰੂਪੀ ਅਕਾਸ਼ ਵਿੱਚ ਧਰੂ ਤਾਰੇ ਵਾਂਗ ਚਮਕਦਾ ਨਾਮ ਹੈ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ।ਜਿਨ੍ਹਾਂ ਦਾ ਜਨਮ
ਜਿਲ੍ਹਾ ਲਹੌਰ ਦੇ ਨਗਰ ਭੂਰਾ ਕੋਹਨਾਂ ਨਜ਼ਦੀਕ ਖੇਮਕਰਨ ਜੋ ਅੱਜ ਕੱਲ੍ਹ ਤਰਨ ਤਾਰਨ ਜ਼ਿਲ੍ਹੇ ਦਾ ਪਿੰਡ ਹੈ ਵਿੱਚ ਪੁਰਾਣੇ ਅਕਾਲੀ ਅਤੇ ਕਿਰਤੀ ਸਿੱਖ ਜਥੇਦਾਰ ਝੰਡਾ ਸਿੰਘ ਅਤੇ ਮਾਤਾ ਲਾਭ ਕੌਰ ਦੇ ਗ੍ਰਿਹਿ ਵਿਖੇ ਹੋਇਆ ।ਆਪ ਜੀ ਪਰਿਵਾਰ ਵਿੱਚ ਹੋਰ ਪੰਜ ਭਰਾ ਅਤੇ ਇੱਕ ਭੈਣ ਸੀ।ਬਚਪਨ ਤੋਂ ਮਾਤਾ ਪਿਤਾ ਧਾਰਮਿਕ ਵਿਚਾਰਾਂ ਦੇ ਹੋਣ ਕਰਕੇ ਘਰ ਵਿੱਚ ਸ਼ੁਰੂ ਤੋਂ ਹੀ ਧਾਰਮਿਕ ਮਹੌਲ ਸੀ ।ਗੁਰਮਤਿ ਦੀ ਵਿਦਿਆ ਪਿੰਡ ਦੇ ਗ੍ਰੰਥੀ ਬਾਬਾ ਬੱਗਾ ਸਿੰਘ ਜੀ ਪਾਸੋਂ ਲਈ ।ਇਸ ਦੇ ਨਾਲ ਨਾਲ ਦੁਨਿਆਵੀ ਵਿੱਦਿਆ ਮਿਡਲ ਤੱਕ ਖੇਮਕਰਨ ਦੇ ਸਕੂਲ ਤੋਂ ,ਦਸਵੀਂ ਤੱਕ ਦੀ ਪੜ੍ਹਾਈ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਤੋਂ ਅਤੇ ਐਫ ਏ ਤੱਕ ਦੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ ਖਾਲਸਾ ਕਾਲਜ ਪੜਦਿਆਂ ਰੋਜ਼ਾਨਾ ਪੈਦਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਜਾਣਾਂ ਅਤੇ ਆਉਂਦਿਆਂ ਜਾਂਦਿਆਂ ਰਸਤੇ ਵਿੱਚ 25 ਜਪੁਜੀ ਸਹਿਬ ਦੇ ਪਾਠ ਕਰਨਾਂ ਉਨ੍ਹਾਂ ਦਾ ਨਿਤਕ੍ਰਮ ਸੀ ।ਪੜ੍ਹਾਈ ਤੋਂ ਉਪਰੰਤ ਆਪ ਜੀ ਨੂੰ ਪਟਵਾਰੀ ਦੀ ਨੌਕਰੀ ਮਿਲੀ ।ਭਾਵੇਂ ਘਰ ਵਿੱਚ ਬਹੁਤ ਗਰੀਬੀ ਸੀ ਪ੍ਰੰਤੂ ਬਚਪਨ ਤੋਂ ਹੀ ਧਾਰਮਿਕ ਰੁਚੀ ਹੋਣ ਕਰਕੇ ਨੌਕਰੀ ਵਿੱਚ ਮਨ ਨਹੀਂ ਲੱਗਾ ਜਲਦੀ ਹੀ ਸਰਕਾਰੀ ਨੌਕਰੀ ਨੂੰ ਤਿਆਗ ਦਿੱਤਾ।ਮਨ ਧਾਰਮਿਕ ਸੇਵਾ ਲਈ ਕਾਹਲ਼ਾ ਸੀ ।

ਉਸ ਸਮੇਂ ਦਮਦਮੀ ਟਕਸਾਲ ਦੇ ਬਾਰ੍ਹਵੇ ਮੁਖੀ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜਥੇ ਸਮੇਤ ਦੇਸ਼ ਵਿੱਚ ਵਿਚਰ ਕੇ ਗੁਰਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਮਨ ਉਨ੍ਹਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋਇਆ ਅਤੇ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਪਿੰਡ ਭਿੰਡਰ ਕਲਾਂ (ਫ਼ਿਰੋਜ਼ਪੁਰ) ਹਾਲ ਮੋਗਾ ਵਿਖੇ ਤਿੰਨ ਰੋਜ਼ਾ ਗੁਰਮਤਿ ਸਮਾਗਮ ਵਿੱਚ 25 ਭਾਦੋਂ ਸੰਮਤ 2005 ਈਸਵੀ ਸੰਨ 1948 ਨੂੰ ਆਪਣੀ ਭੂਆ ਦੇ ਪੁੱਤਰ ਭਾਈ ਉਜਾਗਰ ਸਿੰਘ ਨਾਲ ਗਏ ।ਉੱਥੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨਾਲ ਮੇਲ ਹੋਇਆ ।ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰਿਆਂ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖੁਦ ਸ਼ਾਮਲ ਹੋਏ ਉੱਥੇ ਸੰਤ ਗਿਆਨੀ ਕਰਤਾਰ ਸਿੰਘ ਜੀ ਅੰਮ੍ਰਿਤ ਪਾਨ ਕਰਕੇ ਪੂਰਨ ਤੌਰ ਤੇ ਗੁਰੂ ਨੂੰ ਸਮਰਪਿਤ ਹੋ ਗਏ। ਆਪ ਜੀ ਦੀ ਸ਼ਾਦੀ 1950 ਵਿੱਚ ਪਿੰਡ ਭੈਣੀ ਮੱਸਾ ਸਿੰਘ ਦੇ ਸਰਦਾਰ ਕਰਤਾਰ ਸਿੰਘ ਦੀ ਸਪੁੱਤਰੀ ਬੀਬੀ ਨਿਰੰਜਣ ਕੌਰ ਨਾਲ ਹੋਈ ਅਤੇ ਇਹਨਾਂ ਦੇ ਘਰ ਦੋ ਸਪੁੱਤਰ ਪੈਦਾ ਹੋਏ ਵੱਡੇ ਭਾਈ ਅਮਰੀਕ ਸਿੰਘ ਜੀ ਜੋ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ ਅਤੇ ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਨਾਲ ਜੂਨ 1984 ਵਿੱਚ ਭਾਰਤੀ ਹਕੂਮਤ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਕੀਤੇ ਹਮਲੇ ਦੌਰਾਨ ਟੈਂਕਾਂ ਤੋਪਾਂ ਨਾਲ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਏ ਸਨ ਅਤੇ ਦੂਜੇ ਭਾਈ ਮਨਜੀਤ ਸਿੰਘ ਵੀ ਗ੍ਰਿਫ਼ਤਾਰ ਹੋ ਕੇ ਜੋਧਪੁਰ ਦੀ ਜੇਲ ਵਿੱਚ ਲੰਮਾ ਸਮਾਂ ਬੰਦ ਰਹੇ। ਇਸੇ ਸਮੇਂ ਦੌਰਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਜਥੇ ਸਮੇਤ ਪਿੰਡ ਭੂਰਾ ਕੋਹਨਾਂ ਵਿਖੇ ਆਇਆ ਕਰਦੇ ਉਸ ਸਮੇਂ ਸੰਤ ਜੀ ਬੜੀ ਭਾਵਨਾ ਨਾਲ ਜਥੇ ਦੀ ਸੇਵਾ ਕਰਿਆ ਕਰਦੇ ਸਨ ।1957 ਈਸਵੀ ਵਿੱਚ ਆਪ ਪੱਕੇ ਤੌਰ ਜਥੇ ਵਿੱਚ ਭਰਤੀ ਹੋ ਗਏ ਅਤੇ ਬਾਬਾ ਠਾਕੁਰ ਸਿੰਘ ਜੀ ਦੀ ਦੇਖ ਰੇਖ ਹੇਠ ਗੁਰਬਾਣੀ ਦੀ ਸੰਥਿਆ ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ ਜੀ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਪੰਥ ਪ੍ਰਕਾਸ਼ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ ।ਥੋੜ੍ਹੇ ਸਮੇਂ ਵਿੱਚ ਹੀ ਆਪ ਦੀ ਟਕਸਾਲ ਪ੍ਰਤੀ ਸੇਵਾ ਅਤੇ ਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਮਹਾਂਪੁਰਖਾਂ ਨੇ ਵਿਸ਼ੇਸ਼ ਜ਼ਿੰਮੇਵਾਰੀਆਂ ਦਿੱਤੀਆਂ ਜਿਸ ਵਿੱਚ ਆਪ ਸਫਲ ਰਹੇ। ਸਿੱਖੀ ਪ੍ਰਤੀ ਸਖਤ ਮਿਹਨਤ ਅਤੇ ਲਗਨ ਕਰਕੇ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਤਖ਼ਤ ਪਟਨਾ ਸਾਹਿਬ ਵਿਖੇ ਜਨਵਰੀ 1967 ਵਿਖੇ ਸੰਗਤ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਆਪ ਨੂੰ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਵਜੋਂ ਸੇਵਾ ਸੌਂਪਣ ਦਾ ਐਲਾਨ ਕਰ ਦਿੱਤਾ। ਗੁਰਪੁਰਬ ਹੋਣ ਕਰਕੇ ਬਹੁਤ ਸਾਰੀਆਂ ਸੰਸਥਾਵਾਂ ਦੇ ਆਗੂ ਮੌਕੇ ਤੇ ਹਾਜ਼ਰ ਸਨ ਸਾਰਿਆਂ ਨੇ ਪ੍ਰਵਾਨਗੀ ਦੇ ਦਿੱਤੀ ।ਜਥਾ ਜਗ੍ਹਾ ਜਗ੍ਹਾ ਵਿਚਰ ਕੇ ਪ੍ਰਚਾਰ ਕਰ ਰਿਹਾ ਸੀ ਵੱਡੇ ਮਹਾਂਪੁਰਖਾਂ ਦੀ ਸਿਹਤ ਢਿੱਲੀ ਰਹਿਣ ਲੱਗੀ ਮਹਿਤਾ ਨਗਰ ਵਿਖੇ ਪ੍ਰਚਾਰ ਫੇਰੀ ਦੌਰਾਨ 29 ਜੂਨ 1969 ਮੁਤਾਬਕ 15 ਹਾੜ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਅਕਾਲ ਚਲਾਣਾ ਕਰ ਗਏ ਉਨ੍ਹਾਂ ਦਾ ਅੰਤਿਮ




ਸੰਸਕਾਰ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਕੀਤਾ ਜਿੱਥੇ ਭਾਈ ਗੁਰਮੁੱਖ ਸਿੰਘ ਜੀ ਉੜੀਸਾ ਉਨ੍ਹਾਂ ਦੇ ਅੰਗੀਠੇ ਵਿੱਚ ਛਾਲ ਮਾਰਕੇ ਭਾਣਾ ਵਰਤਾ ਗਏ ਸਨ।

ਮਹਾਂਪੁਰਖਾਂ ਦੇ ਭਿੰਡਰ ਕਲਾਂ ਵਿਖੇ ਅੰਤਿਮ ਅਰਦਾਸ ਤੋਂ ਬਾਅਦ ਹਾਲਾਤਾਂ ਦੇ ਮੱਦੇਨਜ਼ਰ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂ ਤੋਂ ਮਹਿਤੇ ਵਿਖੇ ਆ ਗਏ ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਕੀਤੀ ਗੁਰਮਤਿ ਵਿਦਿਆਲਾ ਕਾਇਮ ਕੀਤਾ ਅਨੇਕਾਂ ਗ੍ਰੰਥੀ ਸਿੰਘ,ਰਾਗੀ ਜਥੇ ਅਤੇ ਕਥਾ ਵਾਚਕ ਤਿਆਰ ਕੀਤੇ ਅਤੇ ਪੂਰੇ ਦੇਸ਼ ਵਿੱਚ ਪਤਿਤ ਪੁਣੇ,ਗੁਰੂ ਡੰਮ ਅਤੇ ਨਸ਼ਿਆਂ ਵਿਰੁੱਧ ਵਿਸ਼ਾਲ ਲਹਿਰ ਖੜੀ ਕਰਕੇ ਬਹੁਤ ਵੱਡੀ ਪੱਧਰ ਤੇ ਅੰਮ੍ਰਿਤ ਸੰਚਾਰ ਕਰਕੇ ਸੰਗਤਾਂ ਨੂੰ ਅੰਮ੍ਰਿਤ ਛਕਾਇਆ ।ਉਸ ਸਮੇਂ 1975 ਕਾਂਗਰਸ ਦੀ ਇੰਦਰਾਂ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਦੇਸ਼ ਵਿੱਚ ਐਮਰਜੈਂਸੀ ਲਾਗੂ ਕਰਕੇ ਮਨੁੱਖੀ ਅਧਿਕਾਰ ਕੁਚਲੇ ਜਾ ਰਹੇ ਸਨ ਦੇਸ਼ ਦੇ ਵਿਰੋਧੀ ਧਿਰ ਦੇ ਆਗੂ ਜੇਲਾਂ ਵਿੱਚ ਨਜ਼ਰਬੰਦ ਕਰ ਦਿੱਤੇ ਸਨ ਪੰਜਾਬ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਜੇਲ੍ਹ ਵਿੱਚ ਬੰਦ ਸੀ ।ਕਿਤੇ ਵੀ ਪੰਜ ਵਿਅਕਤੀ ਇਕੱਠੇ ਨਹੀਂ ਸਨ ਹੋ ਸਕਦੇ ।ਉਸ ਸਮੇਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਸੀ ਤਾਂ ਸੰਤਾਂ ਨੇ ਸੈਂਤੀ ਵੱਡੇ ਨਗਰ ਕੀਰਤਨ ਕੱਢੇ ਜਿਥੇ ਐਮਰਜੈਸੀ ਦੀਆਂ ਧੱਜੀਆਂ ਉਡਾਈਆਂ ਉੱਥੇ ਗੁਰਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਸੰਗਤ ਨੂੰ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਵੀ ਕੀਤਾ ।ਸਿੱਖ ਸੰਗਤਾਂ ਨੂੰ *ਮੇਰਾ ਸਿਰ ਜਾਵੇ ਤਾਂ ਜਾਵੇ,ਮੇਰਾ ਸਿੱਖੀ ਸਿਦਕ ਨਾਂ ਜਾਵੇ* ਦਾ ਨਾਅਰਾ ਦ੍ਰਿੜ ਕਰਵਾਇਆ। ਸੈਂਤੀਵਾਂ ਅਤੇ ਆਖ਼ਰੀ ਨਗਰ ਕੀਰਤਨ ਦਿੱਲੀ ਲੈ ਕੇ ਗਏ ।ਰਾਮ ਲੀਲ੍ਹਾ ਗਰਾਊਂਡ ਵਿੱਚ ਸ਼ਹੀਦੀ ਸ਼ਤਾਬਦੀ ਦਾ ਮੇਨ ਸਮਾਗਮ ਹੋ ਰਿਹਾ ਸੀ ਦੇਸ਼ ਭਰ ਲੀਡਰਸ਼ਿਪ ਹਾਜ਼ਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਪੁੱਜੀ ਸੰਗਤ ਉੱਠ ਕੇ ਸਵਾਗਤ ਕਰਨ ਲੱਗੀ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ ਨੇ ਸਟੇਜ ਤੋਂ ਤਰੀਫ਼ ਕਰਦਿਆਂ ਕਿਹਾ ਕਿ ਜਿਸ ਦਿੱਲੀ ਦੇ ਤਖ਼ਤ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਹੈ ਉਹ ਤਖ਼ਤ ਅੱਜ ਨਤਮਸਤਕ ਹੋ ਕੇ ਸ਼ਰਧਾ ਭੇਟ ਕਰ ਰਿਹਾ ਹੈ ।

ਬੀਬੀ ਜੀ ਦਾ ਸਿੱਖਾਂ ਨਾਲ਼ ਗੂੜ੍ਹਾ ਸਬੰਧ ਹੈ ਇਹਨਾਂ ਦਾਂ ਛੋਟਾ ਬੇਟਾ ਸਿੱਖਾਂ ਵੱਲ ਵਿਆਹਿਆ ਹੈ ਉਸ ਸਮੇਂ ਸੰਤ ਕਰਤਾਰ ਸਿੰਘ ਜੀ ਸਟੇਜ ਤੋਂ ਮਾਈਕ ਫੜਕੇ ਸ਼ੇਰ ਵਾਂਗ ਗਰਜ ਕੇ ਬੋਲੇ ਕਿ ਪਹਿਲੀ ਗੱਲ ਇੱਕ ਦੁਨਿਆਵੀ ਔਰਤ ਦੇ ਆਉਣ ਤੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਚ ਖੜ੍ਹੇ ਹੋਣਾ ਸਤਿਗੁਰੂ ਜੀ ਦੇ ਅਦਬ ਸਤਿਕਾਰ ਦੀ ਉਲੰਘਣਾਂ ਹੈ , ਦੂਜਾ ਗਿਆਨੀ ਜੀ ਸਿੱਖ ਧੀਆਂ ਦੇ ਡੋਲੇ ਦੇ ਕੇ ਰਾਜ ਨਹੀਂ ਕਰਦੇ, ਤੀਜਾ ਤੁਸੀਂ ਕਿਹਾ ਕਿ ਦਿੱਲੀ ਦਾ ਤਖ਼ਤ ਨੌਵੇਂ ਪਾਤਸ਼ਾਹ ਨੂੰ ਨਤਮਸਤਕ ਹੋਣ ਆਇਆ ਹੈ ।ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਖ਼ਤ ਦਿੱਤਾ ਕਿਸ ਨੇ ਹੈ ਜੇਕਰ ਗੁਰੂ ਤੇਗ਼ ਬਹਾਦਰ ਸਾਹਿਬ ਕੁਰਬਾਨੀ ਨਾਂ ਕਰਦੇ ਤਾਂ ਬੀਬੀ ਜੀ ਨੇ ਬੁਰਕੇ ਵਿੱਚ ਬੰਦ ਹੋ ਕੇ ਆਉਣਾਂ ਸੀ ਪ੍ਰਧਾਨ ਮੰਤਰੀ ਦੇ ਸਰੀਰ ਤੇ ਜਿੰਨੇ ਰੋਮ ਹਨ ਇਤਨੀ ਵਾਰ ਜਨਮ ਧਾਰ ਕੇ ਸਿਰ ਪਰਨੇ ਵੀ ਚੱਲ ਕੇ ਆਵੇ ਤਾਂ ਵੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਉਪਕਾਰ ਦਾ ਬਦਲਾ ਨਹੀਂ ਚੁਕਾ ਸਕਦੀ ਪੰਡਾਲ ਵਿੱਚ ਜੈਕਾਰੇ ਗੂੰਜਣ ਲੱਗੇ ਉਪਰੰਤ ਮਹਾਂਪੁਰਖਾਂ ਨੇ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਅਤੇ ਸ਼ਹਾਦਤ ਬਾਰੇ ਚਾਨਣਾ ਪਾਇਆ ।

ਇਸੇ ਤਰ੍ਹਾਂ ਦੇਸ਼ ਦੇ ਕੋਨੇ ਕੋਨੇ ਵਿੱਚ ਸਿੱਖੀ ਦਾ ਪ੍ਰਚਾਰ ਕਰਦਿਆਂ ਥੋੜ੍ਹੇ ਸਮੇਂ ਵਿੱਚ ਬਹੁਤ ਵੱਡੇ ਕਾਰਜ ਕਰਦਿਆਂ ਤਿੰਨ ਅਗਸਤ 1977 ਨੂੰ ਮਲਸੀਆਂ (ਜਲੰਧਰ) ਵਿਖੇ ਕਥਾ ਕਰਕੇ ਸਾਰੇ ਜਥਾ ਸੰਗਤ ਤੋ ਆਗਿਆ ਲੈ ਕੇ ਸਿੱਖੀ ਪ੍ਰਚਾਰ ਲਈ ਸੋਲਨ ਹਿਮਾਚਲ ਪ੍ਰਦੇਸ਼ ਵੱਲ ਜਾਂਦਿਆਂ ਲਾਡੋਵਾਲ ਨੇੜੇ ਕਾਰ ਐਕਸੀਡੈਂਟ ਵਿੱਚ ਜ਼ਖ਼ਮੀ ਹੋ ਗਏ ਤੁਰੰਤ ਮਿਸ ਬਰਾਊਨ ਹਸਪਤਾਲ ਹੁਣ (ਸੀ ਐਮ ਸੀ) ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ ਸਿਰ ਅਤੇ ਪੱਸਲ਼ੀਆਂ ਤੇ ਸੱਟਾਂ ਹੋਣ ਕਰਕੇ ਡਾਕਟਰਾਂ ਨੇ ਅਪ੍ਰੇਸ਼ਨ ਕਰਨ ਲਈ ਸਰੀਰ ਤੋਂ ਰੋਮ ਕੱਟਣ ਲਈ ਕਿਹਾ ਤਾਂ ਸੰਤਾਂ ਨੇ ਕਿਹਾ ਕਿ ਮੈਂ ਸਾਰੀ ਉਮਰ ਸਿੱਖੀ ਦਾ ਪ੍ਰਚਾਰ ਕਰਦਿਆਂ ਕੇਸਾਂ ਦੀ ਮਹਾਨਤਾ ਦ੍ਰਿੜ੍ਹ ਕਰਵਾਈ ਹੈ ਇਸ ਲਈ ਸਿਰ ਤਾਂ ਕੱਟਿਆ ਜਾ ਸਕਦਾ ਹੈ ਕੇਸ ਨਹੀਂ ।ਇਸ ਤਰ੍ਹਾਂ *ਸਿਰ ਜਾਵੇ ਤਾਂ ਜਾਵੇ,ਮੇਰਾ ਸਿੱਖੀ ਸਿਦਕ ਨਾਂ ਜਾਵੇ* ਦੇ ਨਾਅਰੇ ਤੇ ਪਹਿਰਾ ਦਿੰਦਿਆਂ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਂਦਿਆਂ 16 ਅਗਸਤ 1977 ਨੂੰ ਅਕਾਲ ਪੁਰਖ ਪਰਮਾਤਮਾ ਦੇ ਚਰਨਾਂ ਵਿੱਚ ਅਭੇਦ ਹੋ ਗਏ ਅਤੇ ਸਿੱਖੀ ਲਈ ਸ਼ਹਿਦ ਵਰਗੀ ਮਿੱਠੀ ਅਤੇ ਸ਼ੇਰ ਵਾਂਗ ਗਰਜਵੀਂ ਅਵਾਜ਼ ਖਮੋਸ਼ ਹੋ ਗਈ ਜਿਸ ਨੂੰ ਸੁਣ ਕੇ ਪੰਥ ਵਿਰੋਧੀਆਂ ਵਿੱਚ ਭਾਜੜ ਪੈ ਜਾਂਦੀ ਸੀ ।ਉਨਾ ਤੋ ਬਾਅਦ ਦਮਦਮੀ ਟਕਸਾਲ ਦੀ ਜ਼ਿੰਮੇਵਾਰੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਮੋਢਿਆਂ ਤੇ ਪਈ ਜੋ ਉੱਨਾਂ ਬਾ-ਖ਼ੂਬੀ ਸਿਰ ਦੇਕੇ ਨਿਭਾਈ ਸੰਤ ਕਰਤਾਰ ਸਿੰਘ ਜੀ ਦੀ ਯਾਦ ਹਰੇਕ ਸਾਲ ਸਿੱਖ ਸੰਗਤਾਂ ਉੱਨਾਂ ਦੇ ਜੱਦੀ ਨਗਰ ਭੂਰਾ ਕੋਹਨਾਂ ,ਮਹਿਤਾ ਸਾਹਿਬ ਅਤੇ ਦੇਸ਼ ਵਿਦੇਸ਼ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਂਦੀਆਂ ਹਨ।






## ਅਰਸ਼ ਤੋਂ ਫਰਸ਼ ਵੱਲ ਮਾਂ ਖੇਡ ਕਬੱਡੀ

# ਅੰਤਰਰਾਸ਼ਟਰੀ ਕਬੱਡੀ ਖਿਡਾਰੀ ਗੁਰਜੀਤ ਤੂਤ ਦੀ ਮੌਤ ਦੇ ਖੜੇ ਕੀਤੇ ਵੱਡੇ ਸਵਾਲ



**ਜਗਤਾਰ ਸਮਾਲਸਰ,**
ਏਲਨਾਬਾਦ,ਸਿਰਸਾ ਹਰਿਆਣਾ
ਸੰਪਰਕ : 94670 - 95953

ਅੰਤਰਰਾਸ਼ਟਰੀ ਕਬੱਡੀ ਖਿਡਾਰੀ ਗੁਰਜੀਤ ਤੂਤ ਦੀ ਹੋਈ ਦਰਦਨਾਕ ਮੌਤ ਨੇ ਕਬੱਡੀ ਜਗਤ ਲਈ ਅਨੇਕ ਵੱਡੇ ਸਵਾਲ ਖੜੇ ਕੀਤੇ ਹਨ। ਕਬੱਡੀ ਵਿੱਚ ਅੱਜਕੱਲ ਕੀ ਕੁਝ ਵਾਪਰ ਰਿਹਾ ਹੈ,ਕਿਵੇਂ ਬਹੁਤੇ ਖਿਡਾਰੀ ਵੱਡੇ - ਵੱਡੇ ਇਨਾਮ ਜਿੱਤਣ ਲਈ ਆਪਣੀ ਜ਼ਿੰਦਗੀ ਨੂੰ ਦਾਅ ਤੇ ਲਗਾ ਰਹੇ ਨੇ ,ਇਹ ਘਿਨੌਣਾ ਸੱਚ ਸਾਡੇ ਸਾਹਮਣੇ ਆਇਆ ਹੈ। ਇਸੇ ਲਈ ਅੱਜ ਕਬੱਡੀ ਫਰਸ਼ ਤੋਂ ਅਰਸ਼ ਵੱਲ ਜਾਂਦੀ ਨਹੀ ਸਗੋਂ ਅਰਸ਼ ਤੋਂ ਫਰਸ਼ ਵੱਲ ਆਉਂਦੀ ਨਜ਼ਰ ਆ ਰਹੀ ਹੈ। ਕਬੱਡੀ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਦੇਸੀ ਖੁਰਾਕਾਂ ਖਾ ਕੇ ਖਿਡਾਰੀਆਂ ਵੱਲੋਂ ਖੇਡ ਮੈਦਾਨਾਂ ਵਿੱਚ ਕਬੱਡੀ ਖੇਡੀ ਜਾਂਦੀ ਸੀ ਪਰ ਅੱਜ ਨਸ਼ਿਆਂ ਅਤੇ ਪੈਸੇ ਦੇ ਜ਼ੋਰ ਨਾਲ ਖੇਡੀ ਜਾ ਰਹੀ ਮਾਂ ਖੇਡ ਕਬੱਡੀ ਦਾ ਭਵਿੱਖ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ।

ਉਸ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਬਣੀਆਂ ਖੇਡ ਕਲੱਬਾਂ ਵੱਲੋਂ ਪਿੰਡਾਂ ਵਿਚੋਂ ਹੀ ਪੈਸੇ ਇਕੱਠੇ ਕਰਕੇ ਖਿਡਾਰੀਆਂ ਲਈ ਇਨਾਮ ਰੱਖੇ ਜਾਂਦੇ ਸਨ ਜੋ ਬਹੁਤ ਨਗੂਣੇ ਹੁੰਦੇ ਸਨ। ਅੱਜ ਭਾਵੇਂ ਕਬੱਡੀ ਕੱਪਾਂ ਤੇ ਕਰੋੜਾਂ ਰੁਪਏ ਖਰਚ ਹੋ ਰਹੇ ਹਨ ਪਰ ਬਹੁਤੇ ਕਬੱਡੀ ਖਿਡਾਰੀਆਂ ਵੱਲੋਂ ਨਸ਼ੇ ਦਾ ਸਹਾਰਾ ਲੈ ਕੇ ਕਬੱਡੀ ਖੇਡੀ ਜਾ ਰਹੀ ਹੈ। ਨਸ਼ੇ ਦੀ ਦਲਦਲ ਵਿੱਚ ਫਸੀ ਕਬੱਡੀ ਖਿਡਾਰੀਆਂ ਦਾ ਭਵਿੱਖ ਖਤਮ ਕਰ ਰਹੀ ਹੈ।

ਅੰਤਰਰਾਸ਼ਟਰੀ ਕਬੱਡੀ ਖਿਡਾਰੀ ਗੁਰਜੀਤ ਤੂਤ ਦੇ ਸੰਸਕਾਰ ਮੌਕੇ ਉਸਦੇ ਭਰਾ ਵੱਲੋਂ ਬੋਲੇ ਗਏ ਸ਼ਬਦ ਕੀ ਆਖਰ ਸਰੀਰ ਨਸ਼ੇ ਨੂੰ ਕਿੰਨਾ ਕੁ ਚਿਰ ਬਰਦਾਸ਼ਤ ਕਰ ਸਕਦਾ ਹੈ,ਖਿਡਾਰੀਆਂ ਦੇ ਗੁਰਦੇ ਅਤੇ ਲੀਵਰ ਸਟੀਲ ਜਾਂ ਲੋਹੇ ਦੇ ਨਹੀਂ ਬਣੇ ਹੁੰਦੇ ਆਖਰ ਉਹ ਵੀ ਨਸ਼ਿਆਂ ਅੱਗੇ ਹਾਰ ਜਾਂਦੇ ਨੇ,ਇਹ ਕੋਈ ਛੋਟੀ ਜਿਹੀ ਗੱਲ ਨਹੀਂ ਸਗੋਂ ਵੱਡੇ ਸਵਾਲ ਖੜੇ ਕਰਦੀ ਹੈ। ਕਬੱਡੀ ਵਿੱਚ ਬੁਰਜ਼ ਖਲੀਫਾ ਦੇ ਨਾਮ ਨਾਲ ਨਿਵਾਜਿਆ ਗਿਆ ਗੁਰਜੀਤ ਦਾ ਪਹਾੜ ਵਰਗਾ ਸ਼ਰੀਰ ਵੀ ਆਖਿਰ ਨਸ਼ਿਆਂ ਅੱਗੇ ਹਾਰ ਗਿਆ।

ਇੱਕ ਇੰਟਰਵਿਊ ਵਿੱਚ ਖੁਦ ਗੁਰਜੀਤ ਤੂਤ ਨੇ ਵੀ ਕਿਹਾ ਹੈ ਕਿ ਕਬੱਡੀ ਖੇਡਦੇ ਸਮੇਂ ਜੇਕਰ ਉਹਨਾਂ ਨੇ ਨਸ਼ੇ ਲਈ ਵਰਤੀ ਜਾਂਦੀ ਪੰਨੀ ਘਰੇ ਭੁੱਲ ਜਾਣੀ ਤਾਂ ਭੋਲੀ ਮਾਂ ਨੇ ਪਿੱਛੋਂ ਆਵਾਜ਼ ਮਾਰ ਕੇ ਕਹਿਣਾ ਕਿ ਤੁਹਾਡੀ ਪੰਨੀ ਘਰੇ ਰਹਿ ਗਈ ਹੈ ਪਰ ਉਸ ਮਾਂ ਨੂੰ ਕੀ ਪਤਾ ਸੀ ਕਿ ਉਹ ਖੁਦ ਹੀ ਆਪਣੇ ਪੁੱਤ ਦੀ ਮੌਤ ਦਾ ਸਮਾਨ ਉਸਦੇ ਹੱਥਾਂ ਵਿੱਚ ਦੇ ਰਹੀ ਹੈ।





ਮੈਨੂੰ ਅੱਜ ਵੀ ਯਾਦ ਹੈ ਸ਼ਾਇਦ 1985-86 ਦੇ ਲਗਭੱਗ ਦੀ ਗੱਲ ਹੋਵੇਗੀ ਜਦੋਂ ਇੰਗਲੈਂਡ ਦੀ ਕਬੱਡੀ ਟੀਮ ਨੇ ਭਾਰਤ ਦਾ ਦੌਰਾ ਕੀਤਾ ਸੀ ਅਤੇ ਪੰਜਾਬ ਦੇ ਕਈ ਪਿੰਡਾਂ ਵਿੱਚ ਭਾਰਤ ਅਤੇ ਇੰਗਲੈਂਡ ਦੀਆਂ ਟੀਮਾਂ ਦੇ ਮੈਚ ਖੇਡੇ ਗਏ ਸਨ। ਪਿੰਡ ਮੱਲਕੇ ਵਿਖੇ ਵੀ ਉਸ ਸਮੇਂ ਇੱਕ ਮੈਚ ਖੇਡਿਆ ਗਿਆ ਸੀ,ਜਿਸ ਵਿੱਚ ਕਬੱਡੀ ਤੇ ਧਰੁੰਤਰ ਖਿਡਾਰੀਆਂ ਬਲਵਿੰਦਰ ਫਿੱਡੂ,ਬਾਘਾ ਮੱਲਕਿਆ ਵਾਲਾ,ਹਰਪ੍ਰੀਤ ਬਾਬਾ ਵਰਗੇ ਅਨੇਕ ਖਿਡਾਰੀਆਂ ਨੇ ਆਪਣੀ ਖੇਡ ਦੇ ਜੌਹਰ ਵਿਖਾਏ ਸਨ,ਉਹ ਸੀ ਕਬੱਡੀ,ਜਿਸ ਵਿੱਚ ਰੌਤੇ ਵਾਲੇ ਮਾੜੂ ਰੈਫਰੀ ਦੀ ਰੈਫਰਸ਼ਿਪ ਵੀ ਵੇਖਣ ਵਾਲੀ ਸੀ। ਉਸ ਸਮੇਂ ਭਾਰਤ ਦੀ ਟੀਮ ਨੂੰ ਪੱਚੀ ਸੌ ਤੋਂ ਲੈ ਕੇ ਤਿੰਨ ਹਜ਼ਾਰ ਦੇ ਕਰੀਬ ਇਨਾਮ ਮਿਲਦਾ ਸੀ। ਉਹ ਕਬੱਡੀ ਦਰਸ਼ਕਾਂ ਨੂੰ ਇੱਕ ਅਲੱਗ ਤਰ੍ਹਾਂ ਦਾ ਸਕੂਨ ਦਿੰਦੀ ਸੀ,ਜਦੋਂ ਦੇਸੀ ਖੁਰਾਕਾਂ ਖਾ ਕੇ ਸਾਨ੍ਹਾਂ ਵਰਗੇ ਜੁੱਸਿਆਂ ਵਾਲੇ ਖਿਡਾਰੀ ਗਰਾਊਂਡਾਂ ਵਿੱਚ ਭਿੜਦੇ ਤਾਂ ਲੋਕ ਸਾਹ ਰੋਕਕੇ ਇਹੋ ਜਿਹੇ ਮੈਚਾਂ ਨੂੰ ਵੇਖਦੇ ਸੀ।

ਅੱਜ ਕਬੱਡੀ ਵਿੱਚ ਪੈਸੇ ਦੀ ਵੱਡੇ ਪੱਧਰ ਤੇ ਆਮਦ ਨੇ ਕਬੱਡੀ ਨੂੰ ਅਰਸ਼ ਤੋਂ ਫਰਸ਼ ਵੱਲ ਲੈ ਆਂਦਾ ਹੈ ਭਾਵੇਂ ਅੱਜ ਕਬੱਡੀ ਖਿਡਾਰੀ ਕਰੋੜਾਂ ਰੁਪਏ ਦੇ ਬਜਟ ਵਾਲੇ ਟੂਰਨਾਮੈਂਟਾਂ ਤੋਂ ਲੱਖਾਂ ਰੁਪਏ ਕਮਾ ਰਹੇ ਹਨ ਪਰ ਇਸਦੇ ਅੰਦਰਲਾ ਸੱਚ ਕੀ ਹੈ ਇਹ ਗੁਰਜੀਤ ਤੂਤ ਦੀ ਮੌਤ ਨੇ ਸਭ ਦੇ ਸਾਹਮਣੇ ਲਿਆਂਦਾ ਹੈ। ਆਪਣੇ ਸਰੀਰ ਨੂੰ ਦਾਅ ਤੇ ਲਾ ਕੇ ਖੇਡੀ ਜਾਣ ਵਾਲੀ ਇਹ ਕਬੱਡੀ ਭਵਿੱਖ ਨੂੰ ਖਤਰੇ ਵਿੱਚ ਪਾ ਰਹੀ ਹੈ ਅਤੇ ਜਦੋਂ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਤਾਂ ਮਾਂ ਖੇਡ ਕਬੱਡੀ ਨਾਲ ਜੁੜ ?ਨ ਵਾਲੇ ਬੱਚਿਆਂ ਦੇ ਮਾਪੇ ਵੀ ਲੱਖ ਵਾਰ ਸੋਚਣ ਲਈ ਮਜ਼ਬੂਰ ਹੁੰਦੇ ਹਨ।

ਅਕਸਰ ਆਖਿਆਂ ਜਾਂਦਾ ਹੈ ਕਿ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਨੂੰ ਖੇਡ ਗਰਾਂਊਂਡਾਂ ਨਾਲ ਜੋੜ? ਪਰ ਆਹ ਗੁਰਜੀਤ ਦੀ ਮੌਤ ਨੇ ਤਾਂ ਹੋਰ ਹੀ ਸੱਚ ਸਾਡੇ ਸਾਹਮਣੇ ਲਿਆ ਖੜਾ ਕੀਤਾ ਹੈ,ਕੀ ਅੱਜ ਬੱਚੇ ਖੇਡ ਗਰਾਂਊਂਡਾਂ ਵਿੱਚ ਸੁਰੱਖਿਅਤ ਹਨ, ਇਹ ਵੀ ਹੁਣ ਸੋਚਣ ਵਾਲੀ ਗੱਲ ਬਣ ਗਈ ਹੈ।

ਇਸ ਲਈ ਅੱਜ ਸਮੇਂ ਦੀ ਲੋੜ ਹੈ ਕਿ ਕਬੱਡੀ ਨੂੰ ਨਸ਼ੇ ਦੀ ਦਲਦਲ ਵਿੱਚੋਂ ਕੱਢਣ ਲਈ ਵੱਡੇ ਇਨਾਮ ਰੱਖਣ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੋਂ ਆਮ ਪਿੰਡਾਂ ਦੀਆਂ ਕਲੱਬਾਂ ਵੀ ਪਹਿਲਾ ਵਾਂਗ ਆਪਣੇ ਬਜਟ ਅਨੁਸਾਰ ਖੇਡ ਮੇਲੇ ਕਰਵਾ ਸਕਣ ਅਤੇ ਖਿਡਾਰੀ ਵੀ ਲਾਲਚਵੱਸ ਪੈ ਕੇ ਆਪਣੀ ਜ਼ਿੰਦਗੀ ਨੂੰ ਦਾਅ ਤੇ ਨਾ ਲਗਾਉਣ,ਮਾਪਿਆਂ ਦਾ ਵੀ ਫਰਜ਼ ਹੈ ਕਿ ਉਹ ਖੇਡਣ ਜਾਂਦੇ ਆਪਣੇ ਬੱਚਿਆਂ ਨੂੰ ਕੇਵਲ ਖੇਡ ਗਰਾਂਊਂਡ ਨਾਲ ਜੋੜਕੇ ਹੀ ਆਪਣੀ ਜ਼ਿਮੇਵਾਰੀ ਤੋਂ ਮੁਕਤ ਨਾ ਹੋਣ ਸਗੋਂ ਉਨ੍ਹਾਂ ਦੀ ਸੰਗਤ ਤੇ ਵੀ ਨਜ਼ਰ ਰੱਖੀ ਜਾਵੇ। ਪੰਜਾਬ ਦੀਆਂ ਵੱਡੀਆਂ ਖੇਡ ਕਲੱਬਾਂ ਨੂੰ ਵੀ ਕਬੱਡੀ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਇਕੱਠੇ ਹੋ ਕੇ ਲੋੜੀਂਦੇ ਯਤਨ ਕਰਨ ਦੀ ਲੋੜ ਹੈ।

# ਮੋਬਾਈਲ ਫ਼ੋਨ ਅਤੇ ਕਿਤਾਬ ਦਾ ਅੰਤਰ ਸਮਝਣ ਦੀ ਲੋੜ



**ਪ੍ਰੋ. ਕੁਲਬੀਰ ਸਿੰਘ**
ਸੀਨੀਅਰ ਕਾਲਮਨਵੀਸ ਤੇ ਮੀਡੀਆ ਆਲੋਚਕ

ਸਮਾਰਟ ਫ਼ੋਨ ਦੀ ਸਕਰੀਨ ਅਤੇ ਪੁਸਤਕ ਦੇ ਪੰਨਿਆਂ ਵਿਚ ਜ਼ਮੀਨ-ਅਸਮਾਨ ਦਾ ਅੰਤਰ ਹੈ।

ਭਾਵੇਂ ਦੋਵੇਂ ਗਿਆਨ ਅਤੇ ਜਾਣਕਾਰੀ ਦੇ ਮਾਧਿਅਮ ਹਨ। ਪ੍ਰੰਤੂ ਕਿਤਾਬ ਦੇ ਗਿਆਨ ਅਤੇ ਫ਼ੋਨ ਦੇ ਗਿਆਨ ਵਿਚ ਵੱਡਾ ਫਰਕ ਹੈ। ਮਾਹਿਰ ਵਿਅਕਤੀਆਂ ਨੇ ਇਸ ਅੰਤਰ, ਇਸ ਫਰਕ @ਤੇ ਬੜੀ ਬਾਰੀਕੀ ਵਿਚ ਖੋਜ-ਪੜਤਾਲ ਕੀਤੀ ਹੈ। ਇਸ ਖੋਜ-ਪੜਤਾਲ ਦੇ ਨਤੀਜੇ ਹੈਰਾਨ ਕਰਨ ਵਾਲੇ ਹਨ।

ਕਿਸੇ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ ਅਤੇ ਕਿਸੇ ਨੂੰ ਮੋਬਾਈਲ ਫ਼ੋਨ ਤੇ ਵੱਧ ਤੋਂ ਵੱਧ ਸਮਾਂ ਬਤੀਤ ਕਰਨ ਦੀ ਲਤ ਹੈ। ਸਮੇਂ ਨਾਲ ਦੋਹਾਂ ਵਿਅਕਤੀਆਂ ਦੇ ਵਿਚਰਨ, ਸੋਚ, ਸੁਭਾਅ ਅਤੇ ਸ਼ਖਸੀਅਤ ਵਿਚ ਜਿਹੜੇ ਵਿਸ਼ੇਸ਼ ਅੰਤਰ ਨਜ਼ਰ ਆਉਂਦੇ ਹਨ, ਉਨ੍ਹਾਂ ਨੂੰ ਅਮੀਰ ਗੌਰ ਨੇ ਸੂਚੀਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੋਬਾਈਲ ਫ਼ੋਨ ਦੀ ਵਧੇਰੇ ਵਰਤੋਂ ਨਾਲ ਧਿਆਨ ਭਟਕਦਾ ਹੈ। ਸੋਸ਼ਲ ਮੀਡੀਆ, ਆਨਲਾਈਨ ਗੇਮਾਂ ਅਤੇ ਨੋਟੀਫਿਕੇਸ਼ਨ ਇਕਾਗਰਤਾ ਭੰਗ ਕਰਦੇ ਹਨ ਅਤੇ ਸਮੇਂ ਦੀ ਬਰਬਾਦੀ ਹੁੰਦੀ ਹੈ। ਔਸਤਨ ਤਿੰਨ ਤੋਂ ਪੰਜ ਘੰਟੇ ਫ਼ੋਨ ’ਤੇ ਬਿਤਾਉਣ ਨਾਲ ਦਿਨ ਵਿਅਰਥ ਚਲਾ ਜਾਂਦਾ ਹੈ। ਅੱਖਾਂ ਥੱਕੀਆਂ ਰਹਿੰਦੀਆਂ ਹਨ। ਜਲਣ ਹੁੰਦੀ ਹੈ, ਨਜ਼ਰ ਘਟਦੀ ਹੈ। ਵਧੇਰੇ ਸਕਰੀਨ ਟਾਈਮ ਨਾਲ ਮਾਨਸਿਕ ਤਣਾਅ ਰਹਿੰਦਾ ਹੈ। ਚਿੰਤਾ ਅਤੇ ਚਿੜਚਿੜਾਪਣ ਵਧਦਾ ਹੈ।

ਗਲਤ ਜਾਣਕਾਰੀ ਮਿਲਦੀ ਹੈ। ਜਾਣਕਾਰੀ ਦੀ ਬਹੁਤਾਤ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਦੀ ਹੈ। ਫੇਕ ਨਿਊਜ਼ ਨਾਲ ਭਰਮ ਦੀ ਸਥਿਤੀ ਪੈਦਾ ਹੁੰਦੀ ਹੈ।

ਨੀਂਦ ਪ੍ਰਭਾਵਿਤ ਹੁੰਦੀ ਹੈ। ਨੀਂਦ ਦੀ ਗੁਣਵੱਤਾ ਘਟਦੀ ਹੈ। ਯਾਦਾਸ਼ਤ ਕਮਜ਼ੋਰ ਹੁੰਦੀ ਹੈ। ਸਕਰੋਲਿੰਗ ਦੀ ਆਦਤ ਨਾਲ ਗਹਿਰੀ ਸੋਚ ਨੂੰ ਸੱਟ ਵੱਜਦੀ ਹੈ।

ਮੋਬਾਈਲ ਫ਼ੋਨ ਸਹੀ ਵਰਤੋਂ ਲਈ ਆਨਲਾਈਨ ਪੜ੍ਹਾਈ ਕੀਤੀ ਜਾ ਸਕਦੀ ਹੈ। ਕੋਈ ਕੋਰਸ ਕੀਤਾ ਜਾ ਸਕਦਾ ਹੈ। ਵੀਡੀਓ ਲੈਕਚਰ ਸੁਣ ਸਕਦੇ ਹਾਂ। ਈ-ਬੁਕਸ ਪੜ੍ਹ ਸਕਦੇ ਹਾਂ।

ਤੱਥ ਖੋਜਣ ਲਈ, ਚਲੰਤ ਮਾਮਲਿਆਂ ਸੰਬੰਧੀ ਜਾਣਕਾਰੀ ਲੈਣ ਲਈ ਅਤੇ ਨੋਟਿਸ ਬਣਾਉਣ ਲਈ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸਮੇਂ ਦੀ ਸੁਚੱਜੀ ਵਰਤੋਂ ਕਰਨ ਲਈ ਅਲਾਰਮ ਲਗਾਇਆ ਜਾ ਸਕਦਾ ਹੈ। ਕੈਲੰਡਰ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਰੀਮਾਈਂਡਰ ਦੀ ਵਰਤੋਂ ਹੋ ਸਕਦੀ ਹੈ। ਪ੍ਰੇਰਨਾ ਅਤੇ ਸਕਾਰਾਤਮਿਕਤਾ ਲਈ ਮੋਟੀਵੇਸ਼ਨਲ ਵੀਡੀਓ ਵੇਖ ਸਕਦੇ ਹਾਂ। ਪੌਡਕਾਸਟ ਸੁਣ ਸਕਦੇ ਹਾਂ। ਪ੍ਰੇਰਨਾਦਾਇਕ ਵਿਚਾਰ ਪੜ੍ਹ ਸਕਦੇ ਹਾਂ।

ਜਿਹੜੇ ਲੋਕ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਹਨ, ਉਨ੍ਹਾਂ ਦੀ ਸਮਝ-ਸੋਚ ਗਹਿਰੀ ਹੁੰਦੀ ਹੈ ਕਿਉਂਕਿ ਕਿਤਾਬਾਂ ਗਹਿਰਾਈ ਵਿਚ ਗਿਆਨ ਦਿੰਦੀਆਂ ਹਨ ਅਤੇ ਸੋਚਣ ਦੀ ਸ਼ਕਤੀ ਵਧਾਉਂਦੀਆਂ ਹਨ। ਕਿਤਾਬਾਂ ਪੜ੍ਹਨ ਨਾਲ ਧਿਆਨ ਇਕਾਗਰ ਹੁੰਦਾ ਹੈ ਅਤੇ ਇਕਾਗਰਤਾ ਵਧਦੀ ਹੈ। ਯਾਦਾਸ਼ਤ ਤੇਜ਼ ਹੁੰਦੀ ਹੈ ਅਤੇ ਟਿਕਾਊ ਬਣਦੀ ਹੈ।



ਸ਼ਬਦ-ਭੰਡਾਰ ਵਧਦਾ ਹੈ। ਭਾਸ਼ਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਨਤੀਜੇ ਵਜੋਂ ਭਾਸ਼ਾ @ਤੇ ਪਕੜ ਮਜ਼ਬੂਤ ਹੁੰਦੀ ਹੈ।

ਚੰਗੀਆਂ ਕਿਤਾਬਾਂ ਪੜ੍ਹਨ ਨਾਲ ਚੰਗੇ ਸੰਸਕਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਆਤਮਵਿਸ਼ਵਾਸ ਵਧਦਾ ਹੈ। ਕਲਪਨਾ-ਸ਼ਕਤੀ ਦਾ ਵਿਸਥਾਰ ਹੁੰਦਾ ਹੈ।

ਕਿਤਾਬਾਂ ਕਾਮਯਾਬੀ ਦੀ ਕੁੰਜੀ ਹਨ। ਮਹਾਨ ਲੋਕ ਕਿਤਾਬਾਂ ਤੋਂ ਸਿੱਖਿਆ ਗ੍ਰਹਿਣ ਕਰਕੇ ਹੀ ਸਫਲਤਾ ਦੀ ਸਿਖਰ ’ਤੇ ਪਹੁੰਚਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਕਿਤਾਬਾਂ ਸਭ ਤੋਂ ਵਧੀਆ ਮਿੱਤਰ ਹੁੰਦੀਆਂ ਹਨ ਕਿਉਂਕਿ ਕਿਤਾਬਾਂ ਕਦੇ ਕਿਸੇ ਨੂੰ ਧੋਖਾ ਨਹੀਂ ਦਿੰਦੀਆਂ। ਕਿਤਾਬਾਂ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਨਿਯਮਿਤ ਪੜ੍ਹਾਈ ਕਰਨੀ ਚਾਹੀਦੀ ਹੈ। ਹਰ ਰੋਜ਼ ਨਿਸ਼ਚਿਤ ਸਮੇਂ ’ਤੇ ਪੜ੍ਹਿਆ ਜਾਵੇ ਤਾਂ ਤਨ-ਮਨ ’ਤੇ ਹੋਰ ਚੰਗੇਰਾ ਪ੍ਰਭਾਵ ਪੈਂਦਾ ਹੈ।

ਉਦੇਸ਼ ਤੈਅ ਕਰਕੇ ਪੜ੍ਹਨਾ ਵਧੇਰੇ ਬਿਹਤਰ, ਵਧੇਰੇ ਕਾਰਗਰ, ਵਧੇਰੇ ਸਿਹਤਮੰਦ ਹੁੰਦਾ ਹੈ। ਕੀ ਪੜ੍ਹਨਾ ਹੈ ? ਕਿਉਂ ਪੜ੍ਹਨਾ ਹੈ ? ਇਹ ਸਪੱਸ਼ਟ ਹੋਣਾ ਜ਼ਰੂਰੀ ਹੈ।

ਪੜ੍ਹਦੇ ਸਮੇਂ ਹਰੇਕ ਪੁਸਤਕ ਦੇ ਨੋਟਿਸ ਬਣਾਉਣੇ ਚਾਹੀਦੇ ਹਨ। ਮਹੱਤਵਪੂਰਨ ਗੱਲਾਂ, ਅਹਿਮ ਵਿਚਾਰ ਨੋਟ ਕਰਦੇ ਜਾਣਾ ਚਾਹੀਦਾ ਹੈ।

ਜੇਕਰ ਤੁਸੀਂ ਹਰ ਰੋਜ਼ 30 ਮਿੰਟ ਵੀ ਪੜ੍ਹਦੇ ਹੋ ਤਾਂ ਸਾਲ ਵਿਚ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਵੋਗੇ। ਜਿਹੜੇ ਵਿਦਿਆਰਥੀ ਸਿਲੇਬਸ ਤੋਂ ਇਲਾਵਾ ਹੋਰ ਕਿਤਾਬਾਂ ਪੜ੍ਹਦੇ ਹਨ, ਉਹ ਵਧੇਰੇ ਨੰਬਰ ਪ੍ਰਾਪਤ ਕਰਦੇ ਹਨ।

ਭਾਰਤ ਦੇ ਪਹਿਲੇ ਸਥਾਨਾਂ ’ਤੇ ਆਉਣ ਵਾਲੇ ਵਿਦਿਆਰਥੀ ਰੋਜ਼ਾਨਾ 7-8 ਘੰਟੇ ਪੜ੍ਹਾਈ ਕਰਦੇ ਹਨ। ਮੋਬਾਈਲ ਫ਼ੋਨ ਕਈ ਤਰ੍ਹਾਂ ਨਾਲ ਤੁਹਾਡੀ ਸਹਾਇਤਾ ਕਰ ਸਕਦਾ ਹੈ। ਪਰ ਕਿਤਾਬਾਂ ਤੁਹਾਨੂੰ ਜੀਵਨ ਵਿਚ ਸਫਲਤਾ ਦਿਵਾਉਂਦੀਆਂ ਹਨ।ਮੋਬਾਈਲ ਫ਼ੋਨ ਇਕ ਮਸ਼ੀਨ ਹੈ। ਕਿਤਾਬ ਇਕ ਅਧਿਆਪਕ ਹੈ। ਚੋਣ ਤੁਹਾਡੇ ਹੱਥ ਹੈ। ਸਹੀ ਚੋਣ ਕਰੋ।

# ਅਮਰੀਕੀਆਂ ਦੇ ਰੰਗ ਨਿਆਰੇ : ਨਾ ਲਾਰੇ ਤੇ ਨਾ ਖਿਲਾਰੇ



ਉਜਾਗਰ ਸਿੰਘ

ਅਮਰੀਕਾ ਸੰਸਾਰ ਦਾ ਸਭ ਤੋਂ ਜ਼ਿਆਦਾ ਵਿਕਸਤ ਅਤੇ ਖ਼ੁਸ਼ਹਾਲ ਦੇਸ਼ ਗਿਣਿਆਂ ਜਾਂਦਾ ਹੈ। ਇਸ ਦੇਸ ਵਿੱਚ ਸੰਸਾਰ ਦੇ ਕੋਨੇ-ਕੋਨੇ ਤੋਂ ਲੋਕ ਆ ਕੇ ਵਸੇ ਹੋਏ ਹਨ। ਇਸ ਲਈ ਇਥੋਂ ਦੇ ਨਾਗਰਿਕਾਂ ਦੀ ਜ਼ਿੰਦਗੀ ਦੇ ਵੱਖੋ-ਵੱਖਰੇ ਤੇ ਨਿਆਰੇ ਰੰਗ ਵੇਖਣ ਨੂੰ ਮਿਲਦੇ ਹਨ। ਸੰਸਾਰ ਦੀ ਕੋਈ ਅਜਿਹੀ ਕੌਮ/ਦੇਸ਼ ਨਹੀਂ ਹੈ, ਜਿਸਦੇ ਨਾਗਰਿਕ ਅਮਰੀਕਾ ਵਿੱਚ ਨਾ ਮਿਲਦੇ ਹੋਣ, ਪ੍ਰੰਤੂ ਅਨੁਸ਼ਾਸ਼ਨ ਕਮਾਲ ਦਾ ਹੈ। ਛੇਤੀ ਕੀਤਿਆਂ ਕੋਈ ਨਾਗਰਿਕ ਇਥੋਂ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਦੀ ਹਿੰਮਤ ਹੀ ਨਹੀਂ ਕਰਦਾ। ਮੈਂ ਅਤੇ ਮੇਰੀ ਪਤਨੀ ਲਗਪਗ ਪਿਛਲੇ ਵੀਹ ਸਾਲਾਂ ਤੋਂ ਅਮਰੀਕਾ ਜਾ ਰਹੇ ਹਾਂ। ਇਸ ਲਈ ਮੈਂ ਆਪਣੇ ਤਜ਼ਰਬੇ ਦੇ ਅਧਾਰਤ ਦੱਸਣਾ ਚਾਹੁੰਦਾ ਹਾਂ ਕਿ ਇਥੋਂ ਦੇ ਸਥਾਨਕ ਪ੍ਰਸ਼ਾਸ਼ਨ ਵਿੱਚ ਸਿਆਸੀ ਲੋਕਾਂ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ ਹੈ, ਜਿਸ ਕਰਕੇ ਕੋਈ ਵੀ ਵਿਅਕਤੀ ਕੋਤਾਹੀ ਕਰਕੇ ਸਿਫਾਰਸ਼ ਕਰਵਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਜੇ ਕੋਈ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਦੂਗਣੀ ਸਜ਼ਾ ਦਿੱਤੀ ਜਾਂਦੀ ਹੈ। ਇਥੋਂ ਦੇ ਛੋਟੇ ਤੋਂ ਛੋਟੇ ਅਧਿਕਾਰੀ ਵੀ ਵੱਡੇ ਸਿਆਸਤਦਾਨਾ ਅਤੇ ਵੱਡੇ ਅਧਿਕਾਰੀਆਂ ਦੀ ਗ਼ਲਤੀ ਵਿਰੁੱਧ ਕਾਨੂੰਨੀ ਕਾਰਵਾਈ ਕਰ ਦਿੰਦੇ ਹਨ। ਸਿਪਾਹੀ ਵੀ ਮੰਤਰੀ ਦਾ ਚਲਾਣ ਕਰ ਸਕਦਾ ਹੈ। ਇਮਾਨਦਾਰੀ ਬਰਕਰਾਰ ਹੈ। ਜੇਕਰ ਕਿਸੇ ਵਿਅਕਤੀ ਨੇ ਕੋਈ ਗ਼ਲਤ ਕੰਮ ਕੀਤਾ ਹੈ ਤਾਂ ਪੁਲਿਸ ਕਥਿਤ ਦੋਸ਼ੀ ਨੂੰ ਪਕੜਕੇ ਹੱਥਕੜੀ ਉਸ ਵਿਅਕਤੀ ਦੇ ਹੱਥ ਪਿੱਛੇ ਕਰਕੇ ਬੰਨ੍ਹਦੀ ਹੈ। ਜੇਕਰ ਕਥਿਤ ਦੋਸ਼ੀ ਭੱਜਣ ਦੀ ਕੋਸਿਸ਼ ਕਰੇਗਾ ਤਾਂ ਉਹ ਗੋਲੀ ਮਾਰ ਦਿੰਦੇ ਹਨ। ਲੋਕ ਇਤਨੇ ਆਪੋ ਆਪਣੇ ਕੰਮਾ ਵਿੱਚ ਰੁੱਝੇ ਹੁੰਦੇ ਹਨ ਕਿ ਕੋਈ ਵੀ ਕਿਸੇ ਦੇ ਘਰ ਪਹਿਲਾਂ ਟੈਲੀਫੋਨ ਤੇ ਇਜ਼ਾਜ਼ਤ ਲੈਣ ਤੋਂ ਬਿਨਾ ਹੀ ਜਾਂਦੇ ਨਹੀਂ। ਘਰਾਂ ਦੇ ਆਲੇ ਦੁਆਲੇ ਆਮ ਤੌਰ ‘ਤੇ ਚਾਰਦੀਵਾਰੀ ਲੱਕੜ ਦੇ ਫੱਟਿਆਂ ਦੀ ਹੀ ਕੀਤੀ ਹੁੰਦੀ ਹੈ। ਇੱਟਾਂ ਵਾਲੀ ਚਾਰਦੀਵਾਰੀ ਨਹੀਂ ਹੁੰਦੀ। ਘਰ ਦੇ ਲਾਅਨ ਦਾ ਘਾਹ ਕੱਟਕੇ ਰੱਖਣਾ ਪੈਂਦਾ ਹੈ, ਭਾਵ ਸਾਫ ਸੁਥਰਾ ਰੱਖਣਾ ਪੈਂਦਾ ਹੈ। ਘਰ ਦੇ ਆਲੇ ਦੁਆਲੇ ਜਾਂ ਲਾਅਨ ਵਿੱਚ ਮਿੱਟੀ ਵਿਖਾਈ ਨਹੀਂ ਦੇਣੀ ਚਾਹੀਦੀ। ਇਸ ਕਰਕੇ ਮਿੱਟੀ ਘੱਟਾ ਉਡਦਾ ਹੀ ਨਹੀਂ। ਕੋਈ ਵੀ ਵਿਅਕਤੀ ਕਿਸੇ ਦੇ ਘਰ ਦੇ ਨਾਲ ਲਗਦੇ ਖਾਲ੍ਹੀ ਥਾਂ ਵਿੱਚ ਪੁੱਛੇ ਤੋਂ ਬਿਨਾ ਦਾਖ਼ਲ ਨਹੀਂ ਹੋ ਸਕਦਾ। ਅਮਰੀਕਾ ਵਿੱਚ ਜੇਕਰ ਕੋਈ ਬਿਨਾ ਪੁੱਛੇ ਵੜੇਗਾ ਤਾਂ ਉਸਦੇ ਗੋਲੀ ਮਾਰੀ ਜਾ ਸਕਦੀ ਹੈ। ਇਸਨੂੰ ਜ਼ੁਰਮ ਨਹੀਂ ਸਮਝਿਆ ਜਾਵੇਗਾ। ਕਿਤੇ ਵੀ ਕੋਈ ਮਰਦ ਜਾਂ ਔਰਤ ਸਾਹਮਣੇ ਮਿਲ ਜਾਵੇ ਤਾਂ ਉਹ ਹਾਏ ਹੈਲੋ ਕਰਕੇ ਮੁਸਕਰਾਹਟ ਦਿੰਦਾ ਹੈ, ਪ੍ਰੰਤੂ ਖੜ੍ਹਕੇ ਗੱਲ ਨਹੀਂ ਕਰੇਗਾ। ਇਥੇ ਲੜਕੇ ਅਤੇ ਲੜਕੀ ਦੀ ਦੋਸਤੀ ਵਰਜਿਤ ਨਹੀ, ਸਗੋਂ ਜੇਕਰ ਕਿਸੇ ਲੜਕੇ ਤੇ ਲੜਕੀ ਦਾ ਕੋਈ ਦੋਸਤ ਨਾ ਹੋਵੇ ਤਾਂ ਉਨ੍ਹਾਂ ਵਿੱਚ ਕੋਈ ਨੁਕਸ ਸਮਝਿਆ ਜਾਂਦਾ ਹੈ। ਲਗਪਗ ਹਰ ਲੜਕੇ ਅਤੇ ਲੜਕੀ ਦੀ ਕਰਮਵਾਰ ਗਰਲ ਅਤੇ ਬੁਆਏ ਫਰੈਂਡ ਹੁੰਦਾ ਹੈ, ਜਿਸਨੂੰ ਸਮਾਜ ਚੰਗਾ ਸਮਝਦਾ ਹੈ। ਇਥੋਂ ਤੱਕ ਕਿ ਵਿਆਹੇ ਜੋੜਿਆਂ ਦੇ ਫਰੈਂਡ ਹੁੰਦੇ ਹਨ ਤੇ ਉਨ੍ਹਾਂ ਨਾਲ ਸੈਰ ਸਪਾਟੇ ‘ਤੇ ਜਾਂਦੇ ਰਹਿੰਦੇ ਹਨ। ਇਥੇ ਵਿਆਹ ਵੀ ਆਪਸੀ ਦੋਸਤੀ ਰਾਹੀਂ ਹੀ ਹੁੰਦੇ ਹਨ। ਵਿਚੋਲੇ ਨਹੀਂ ਹੁੰਦੇ। ਵਿਆਹ ਦੀ ਸੰਸਥਾ ਨਾ ਵਰਗੀ ਹੀ ਹੈ। ਇਹ ਗੋਰੇ ਲੋਕ ਮਿੰਟਾਂ ਸਕਿੰਟਾਂ ਵਿੱਚ ਹੀ ਤਲਾਕ ਲੈ ਲੈਂਦੇ ਹਨ। ਇਥੇ ਗੋਰੇ ਆਦਮੀ ਤੀਵੀਂ ਦੀ ਲੜਾਈ ਘੱਟ ਹੀ ਹੁੰਦੀ ਹੈ, ਲੜਨ ਦੀ ਥਾਂ ਵੱਖ ਹੀ ਹੋ ਜਾਂਦੇ ਹਨ, ਪ੍ਰੰਤੂ ਜੇ ਕੋਈ ਮਸਲਾ ਹੋਵੇ ਤਾਂ ਆਦਮੀ ਨੂੰ ਪਹਿਲੀ ਸੱਟੇ ਘਰ ਛੱਡਣਾ ਪੈਂਦਾ ਹੈ। ਸਾਰੇ ਕਾਨੂੰਨ ਔਰਤ ਦੀ ਤਰਫਦਾਰੀ ਕਰਦੇ ਹਨ। ਵੈਸੇ ਅੱਜ ਕਲ੍ਹ ਗੋਰੇ ਗੋਰੀਆਂ ਵਿਆਹ ਵਿੱਚ ਰੁਚੀ ਨਹੀਂ ਰੱਖਦੇ। ਲਿਵ ਇਨ ਰਿਲੇਸ਼ਨ ਵਿੱਚ ਰਹਿਣ ਨੂੰ ਪਹਿਲ ਦਿੰਦੇ ਹਨ। ਆਮ ਤੌਰ ‘ਤੇ ਗੋਰਿਆਂ ਵਿੱਚ ਵਿਆਹ ਸਾਧਾਰਨ ਹੁੰਦੇ ਹਨ। ਕਚਹਿਰੀ ਜਾ ਕੇ ਮੈਰਿਜ ਰਜਿਸਟਰ ਕਰਵਾ ਲੈਂਦੇ ਹਨ। ਫਿਰ ਜਦੋਂ ਪਾਰਟੀ ਕਰਨੀ ਹੈ ਤਾਂ ਪਾਰਟੀ ਦਾ ਖਰਚਾ ਲੜਕੇ ਤੇ ਲੜਕੀ ਨੇ ਹੀ ਕਰਨਾ ਹੁੰਦਾ ਹੈ। ਮਾਪਿਆਂ ਨੇ ਤਾਂ ਜੇਕਰ ਕੋਈ ਤੋਹਫਾ ਦੇਣਾ ਦੇ ਦਿੰਦੇ ਹਨ। ਪਾਰਟੀਆਂ ਵੀ ਉਹ ਪਾਰਕਾਂ ਵਿੱਚ ਸਾਧਾਰਨ ਢੰਗ ਨਾਲ ਹੀ ਕਰ ਲੈਂਦੇ ਹਨ। ਕਈ ਵਾਰ ਦਰਿਆਵਾਂ ਦੇ ਕੰਢਿਆਂ ਤੇ ਪਾਰਟੀਆਂ ਕਰ ਲੈਂਦੇ ਹਨ। ਸ਼ਗਨ ਦੇਣ ਦੀ ਪ੍ਰਥਾ ਵੀ ਤੋਹਫੇ ਦੇ ਤੌਰ ‘ਤੇ ਹੀ ਹੁੰਦੀ ਹੈ। ਆਮ ਤੌਰ ‘ਤੇ ਦਸ ਡਾਲਰ ਹੀ ਸ਼ਗਨ ਦਿੰਦੇ ਹਨ, ਪ੍ਰੰਤੂ ਕਈ ਬਹੁਤੇ ਨਜ਼ਦੀਕੀ ਵੱਧ ਤੋਂ ਵੱਧ ਪੰਜਾਹ ਡਾਲਰ ਦੇ ਦਿੰਦੇ ਹਨ। ਅਮੀਰ ਗੋਰੇ ਹੋਟਲਾਂ ਵਿੱਚ ਪਾਰਟੀਆਂ ਕਰਦੇ ਹਨ। ਗੋਰੇ ਮਰਦਾਂ ਅਤੇ ਔਰਤਾਂ ਵਿੱਚ ਨੈਤਿਕਤਾ ਬਾਕਮਾਲ ਹੈ। ਉਨ੍ਹਾਂ ਦਾ ਪਹਿਰਾਵਾ ਉਥੋਂ ਦੀ ਪਰੰਪਰਾ ਹੈ। ਇਸਨੂੰ ਨੰਗੇਜ ਨਹੀਂ ਸਮਝਿਆ ਜਾਂਦਾ। ਅਮਰੀਕਾ ਵਿੱਚ ਲਗਪਗ ਹਰ ਘਰ ਵਿੱਚ ਪਾਲਤੂ ਕੁੱਤੇ ਬਿਲੀਆਂ ਰੱਖੇ ਹੁੰਦੇ ਹਨ, ਕਿਉਂਕਿ ਇਹ ਲੋਕ ਕੁੱਤੇ ਬਿਲੀਆਂ ਨਾਲ ਹੀ ਆਪਣਾ ਦਿਲ ਪ੍ਰਚਾਉਂਦੇ ਹਨ। ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਸਮਝਦੇ ਹਨ। ਕੁੱਤੇ ਬਿੱਲੀਆਂ ਨੂੰ ਵੀ ਘਰ ਵਿੱਚ ਇਕੱਲੇ ਨਹੀਂ ਛੱਡ ਸਕਦੇ। ਇਥੇ ਲੋਕਾਂ ਵਿੱਚ ਆਪਸੀ ਰਿਲੇਸ਼ਨ ਬਹੁਤ ਘੱਟ ਹੁੰਦੇ ਹਨ।





ਅਮਰੀਕਾ ਵਿੱਚ ਵਰਕ ਕਲਚਰ ਹੈ, ਲੋਕ ਕੰਮ ਕਰਨ ਵਿੱਚ ਯਕੀਨ ਰੱਖਦੇ ਹਨ। ਲਗਪਗ ਹਰ ਪਰਿਵਾਰ ਦੇ ਸਾਰੇ ਮੈਂਬਰ ਕੰਮ ਕਰਦੇ ਹਨ। ਬਜ਼ੁਰਗ ਵੀ ਅੱਸੀ ਨੱਬੇ ਸਾਲ ਦੀ ਉਮਰ ਤੱਕ ਕੰਮ ਕਰਦੇ ਰਹਿੰਦੇ ਹਨ। ਵਿਹਲਾ ਕੋਈ ਨਹੀਂ ਰਹਿੰਦਾ। ਬਜ਼ੁਰਗ ਵਾਲੰਟੀਅਰ ਸਰਵਿਸ ਵੀ ਕਰਨ ਲੱਗ ਜਾਂਦੇ ਹਨ। ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਕਸਰਤ ਬਹੁਤ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਆਪਣਾ ਹਰ ਕੰਮ ਆਪ ਹੀ ਕਰਨਾ ਹੁੰਦਾ ਹੈ। ਪੈਦਲ ਤੁਰਦੇ ਫਿਰਦੇ ਲੋਕ ਘੱਟ ਹੀ ਮਿਲਦੇ ਹਨ, ਪ੍ਰੰਤੂ ਸੜਕਾਂ ਦੇ ਫੁੱਟ ਪਾਥਾਂ ‘ਤੇ ਕਸਰਤ ਕਰਨ ਲਈ ਦੌੜਦੇ ਜ਼ਰੂਰ ਮਿਲਣਗੇ। ਕਸਰਤ ਕਰਨ ਲਈ ਜਿੰਮ ਜਾਂਦੇ ਤੇ ਸਾਈਕਲਾਂ ਦੀ ਵਰਤੋਂ ਵੀ ਕਰਦੇ ਹਨ। ਘਰਾਂ ਦੀ ਸਾਫ਼ ਸਫ਼ਾਈ ਆਪ ਹੀ ਕਰਦੇ ਹਨ। ਘਰਾਂ ਵਿੱਚ ਕੋਈ ਨੌਕਰ ਨਹੀਂ ਰੱਖਿਆ ਹੁੰਦਾ, ਕਿਉਂਕਿ ਨੌਕਰ ਰੱਖਣਾ ਬਹੁਤ ਮਹਿੰਗਾ ਪੈਂਦਾ ਹੈ। ਨਿੱਕੀ ਮੋਟੀ ਮੁਰੰਮਤ ਵੀ ਆਪ ਹੀ ਕਰਦੇ ਹਨ। ਇੰਜਿਨੀਅਰ ਡਾਕਟਰ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਵਾਲੇ ਵੀ ਸਾਰਾ ਕੰਮ ਆਪ ਹੀ ਕਰਦੇ ਹਨ। ਉਹ ਆਪ ਹੀ ਆਪਣੀ ਚਾਹ ਪਾਣੀ ਅਤੇ ਰੋਟੀ ਵੀ ਆਪ ਹੀ ਬਣਾਉਂਦੇ ਹਨ। ਬੱਚਿਆਂ ਦਾ ਅਮਰੀਕਾ ਵਿੱਚ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ, ਤੇਰਾਂ ਸਾਲ ਦੀ ਉਮਰ ਤੱਕ ਉਨ੍ਹਾਂ ਨੂੰ ਸਕੂਲ ਮਾਪੇ ਛੱਡਕੇ ਅਤੇ ਲੈ ਕੇ ਆਉਂਦੇ ਹਨ। ਘਰ ਵਿੱਚ ਵੀ ਇਕੱਲਿਆਂ ਨੂੰ ਨਹੀਂ ਛੱਡਿਆ ਜਾਂਦਾ। ਵੈਸੇ ਹਰ ਰਾਜ ਦਾ ਆਪਣਾ ਕਾਨੂੰਨ ਹੈ। ਬੱਚਿਆਂ ਨੂੰ ਆਪਣਾ ਹਰ ਕੰਮ ਕਰਨ ਦੀ ਆਦਤ ਪਾ ਦਿੱਤੀ ਜਾਂਦੀ ਹੈ ਤਾਂ ਜੋ ਵੱਡੇ ਹੋ ਕੇ ਆਪਣਾ ਕੰਮ ਆਪ ਕਰਨ ਅਰਥਾਤ ਆਤਮ ਨਿਰਭਰ ਬਣ ਜਾਣ। ਇੱਕ ਹੋਰ ਗੱਲ ਹੈ ਕਿ ਭਾਵੇਂ ਕਹੀ ਜਾਣ ਕਿ ਮਹਿੰਗਾਈ ਹੋ ਗਈ ਹੈ, ਪ੍ਰੰਤੂ ਇੱਕ ਡਾਲਰ ਦੀ ਬਰੈਡ ਲੈਣ ਲਈ ਫਟਾ ਫਟ ਕਾਰ ਵਿੱਚ ਚਲੇ ਜਾਂਦੇ ਹਨ।

ਬੱਚਿਆਂ ਨੂੰ ਮਾਪੇ ਘੂਰ ਵੀ ਨਹੀਂ ਸਕਦੇ, ਜੇਕਰ ਮਾਪੇ ਬੱਚੇ ਨੂੰ ਘੂਰਦੇ ਜਾਂ ਥੱਪੜ ਬਗੈਰਾ ਮਾਰਦੇ ਹਨ ਤਾਂ ਬੱਚੇ ਪੁਲਿਸ ਨੂੰ ਬੁਲਾ ਲੈਂਦੇ ਹਨ। ਪੁਲਿਸ ਬੱਚੇ ਦੀ ਮਦਦ ਕਰਦੀ ਹੈ। ਕਈ ਵਾਰ ਮਾਪਿਆਂ ਨੂੰ ਪੁਲਿਸ ਫੜ੍ਹਕੇ ਲੈ ਜਾਂਦੀ ਹੈ। ਜਦੋਂ ਬੱਚੇ ਬਾਲਗ ਹੋ ਜਾਂਦੇ ਹਨ, ਭਾਵੇ ਲੜਕੇ ਤੇ ਲੜਕੀ ਹੋਵੇ, ਉਹ ਅਕਸਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਆਪ ਕਮਾਓ ਤੇ ਖਾਓ। ਫਿਰ ਉਹ ਮਾਪਿਆਂ ਤੋਂ ਵੱਖਰੇ ਰਹਿਣ ਲੱਗ ਜਾਂਦੇ ਹਨ। ਬਜ਼ੁਰਗ ਵੱਖਰੇ ਘਰਾਂ ਵਿੱਚ ਇਕੱਲਿਆਂ ਹੀ ਰਹਿੰਦੇ ਹਨ। ਹਫ਼ਤੇ ਦੋ ਹਫ਼ਤੇ ਬਾਅਦ ਬਾਅਦ ਬੱਚੇ ਆ ਕੇ ਮਾਪਿਆਂ ਨੂੰ ਮਿਲ ਜਾਂਦੇ ਹਨ। ਪਿਤਾ ਮਾਤਾ ਦਿਵਸ ‘ਤੇ ਤੋਹਫੇ ਦੇ ਜਾਂਦੇ ਹਨ। ਬਿਮਾਰ ਮਾਪਿਆਂ ਨੂੰ ਸਰਕਾਰੀ ਪ੍ਰਬੰਧਾਂ ਹੇਠ ਚਲ ਰਹੇ ਆਸ਼ਰਮਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਉਥੇ ਵੀ ਦਿਨ ਤਿਓਹਾਰ ‘ਤੇ ਤੋਹਫੇ ਦੇਣ ਲਈ ਜਾਂਦੇ ਹਨ।

ਮੇਰਾ ਇਹ ਲੇਖ ਲਿਖਣ ਦਾ ਮੰਤਵ ਹੈ ਕਿ ਪੰਜਾਬੀ ਅਮਰੀਕਨਾ ਦੀਆਂ ਕੁਝ ਕੁ ਪਰੰਪਰਾਵਾਂ ਤੇ ਆਦਤਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਨ ਜਿਹੜੀਆਂ ਪੰਜਾਬੀ ਸਭਿਆਚਾਰ ਨਾਲ ਮੇਲ ਖਾਂਦੀਆਂ ਹੋਣ। ਖਾਸ ਤੌਰ ‘ਤੇ ਇਮਾਨਦਾਰੀ, ਨੈਤਿਕਤਾ, ਵਰਕ ਕਲਚਰ, ਸਤਿਕਾਰ ਤੇ ਪਿਆਰ ਆਦਿ। ਘੱਟੋ ਘੱਟ ਇੱਕ ਦੂਜੇ ਦੇ ਮੁਕਾਬਲੇ ਵੱਡੇ ਘਰ ਤੇ ਕਾਰਾਂ ਖ੍ਰੀਦਣਾ ਬੰਦ ਕਰ ਦੇਣ ਅਤੇ ਨਫ਼ਰਤ ਦਾ ਤਿਆਗ ਕਰ ਦੇਣ ਤਾਂ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।





ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220



# ਕਿਓਂ ਚੜ੍ਹਦਾ ਹੈ ਤਾਪ ਜਾਂ ਬੁਖ਼ਾਰ ?



**ਡਾ. ਮਨਜੀਤ ਸਿੰਘ ਬੱਲ,**
9872843491

ਵਡੇਰੀ ਮੇਰੀ ਉਮਰ ਵਾਲੇ ਵਿਅਕਤੀਆਂ ਦੀਆਂ ਮਾਵਾਂ, ਗਾਲ੍ਹਾਂ ਕੱਢਦੀਆਂ ਹੁੰਦੀਆਂ ਸਨ, ਵੇ ਤੈਨੂੰ ਤਾਪ ਚੜ੍ਹ ਜੇ..., ਵੇ ਮਰਜਾਣਿਆਂ..., ਤੈਨੂੰ ਸੂਲ ਹੋ ਜੇ.. ਆਦਿ , ਕਿਉਂਕਿ ਤਾਪ, ਕਸ਼ਟ ਦੇਣ ਵਾਲਾ ਹੁੰਦਾ ਹੈ।ਪਰ ਉਹਨਾਂ ਗਾਲ੍ਹਾਂ ਨੂੰ ਘਿਓ ਦੀਆਂ ਨਾਲਾਂ ਕਿਹਾ ਜਾਂਦਾ ਸੀ। ਬੁਖ਼ਾਰ ਨੂੰ ਭੈੜਾ ਜਾਂ ਖ਼ਤਰਨਾਕ ਸਮਝਿਆ ਜਾਂਦਾ ਹੈ, ਅਸਲ ਵਿਚ ਤਾਪ, ਸਰੀਰ ਦੀ ਇੱਕ ਪ੍ਰਤੀਕਿਰਿਆ ਹੁੰਦੀ ਹੈ ਜੋ ਕਿਸੇ ਵੀ ਤਰ੍ਹਾਂ ਦੀ ਇਨਫੈਕਸ਼ਨ ਦੇ ਵਿਰੁੱਧ ਹੁੰਦੀ ਹੈ ਤੇ ਇਹ ਪ੍ਰਤੀਕਿਰਿਆ, ਹੁੰਦੀ ਹੈ ਤੰਦਰੁਸਤ ਇਮਿਊਨ ਸਿਸਟਮ ਕਰਕੇ।ਜੇਕਰ ਇਹ ਸਿਸਟਮ ਖ਼ਰਾਬ ਹੋਵੇ ਤਾਂ ਇਨਫੈਕਸ਼ਨ ਦੌਰਾਨ ਬੁਖ਼ਾਰ , ਹੋਵੇਗਾ ਹੀ ਨਹੀਂ ਤੇ ਜੀਵਾਨੂੰ (ਬੈਕਟੀਰੀਆ ਜਾਂ ਵਾਇਰਸ), ਬੇ-ਰੋਕ-ਟੋਕ ਵਧੀ ਜਾਣਗੇ ਜੋ ਵਿਅਕਤੀ ਨੂੰ ਜਿੰਦਾ ਨਹੀਂ ਛੱਡਣਗੇ।

ਅੱਜ ਕੱਲ੍ਹ ਕਈ ਤਰ੍ਹਾਂ ਦੇ ਟੀਕਾ-ਕਰਨ ਤੇ ਐਂਟੀ-ਬਾਇਓਟਿਕ ਦਵਾਈਆਂ ਉਪਲਬਧ ਹਨ ਪਰ ਜਿਹਨਾਂ ਸਮਿਆਂ 'ਚ ਇਹ ਨਹੀਂ ਸੀ ਹੁੰਦੇ, ਉਦੋਂ ਲੋਕ ਕਿਵੇਂ ਜਿਊਂਦੇ ਹੋਣਗੇ ? ਅਸਲ 'ਚ ਕੁਦਰਤ ਨੇ ਸਾਡੇ ਅੰਦਰ ਇੱਕ ਐਸਾ ਤੰਤਰ ਫਿੱਟ ਕੀਤਾ ਹੋਇਆ ਹੈ ਜੋ ਖ਼ੁਦ-ਬ-ਖ਼ੁਦ ਸਰੀਰ ਦੀ ਰੱਖਿਆ ਕਰਦਾ ਹੈ, ਉਹ ਹੈ ਸਰੀਰ ਦਾ ਇਮਿਊਨ **ਸਿਸਟਮ Immune System.**

ਬੁਖ਼ਾਰ ਹੋਣ ਦਾ ਮਤਲਬ ਹੈ ਸਰੀਰ ਦਾ ਤਾਪਮਾਨ ਸਾਧਾਰਨ ਨਾਲੋਂ ਵੱਧ ਹੋਣਾ, ਨਾਰਮਲ ਤਾਪਮਾਨ 98.6 ਫਾਰਨਹੀਟ (37 ਸੈਂਟੀਗ੍ਰੇਡ) ਹੁੰਦਾ ਹੈ ਜਿਸ ਨੂੰ ਚੈੱਕ ਕਰਨ ਵਾਸਤੇ ਥਰਮਾ-ਮੀਟਰ ਨੂੰ ਮੂੰਹ 'ਚ, ਜੀਭ ਦੇ ਥੱਲੇ ਜਾਂ ਵਿਅਕਤੀ ਦੀ ਕੱਛ (ਬਗਲ) ਵਿੱਚ ਲਗਾਇਆ ਜਾਂਦਾ ਹੈ, ਜਦ ਕਿ ਬਿਲਕੁਲ ਸਹੀ ਤਾਪ-ਮਾਨ ਚੈੱਕ ਕਰਨ ਲਈ ਗੁਦਾ, ਸਹੀ ਜਗ੍ਹਾ ਮੰਨੀ ਜਾਂਦੀ ਹੈ। ਇਹਨਾਂ ਵੱਖ-ਵੱਖ ਥਾਵਾਂ 'ਤੇ ਤਾਪਮਾਨ, ਥੋੜ੍ਹਾ-ਬਹੁਤ ਵੱਧ-ਘੱਟ ਹੋ ਸਕਦਾ ਹੈ। ਗੁਦਾ ਵਾਲਾ ਤਾਪਮਾਨ ਥੋੜ੍ਹਾ ਜਿਹਾ ਵੱਧ, ਪਰ ਬਿਲਕੁਲ ਸਹੀ ਹੁੰਦਾ ਹੈ। ਕੋਰੋਨਾ ਦੇ ਦਿਨਾਂ 'ਚ ਮੱਥੇ ਉੱਤੇ ਇਨਫਰਾਰੈੱਡ ਜਾਂ ਟੱਚ-ਲੈੱਸ ਥਰਮਾਮੀਟਰ ਲਗਾ ਕੇ ਬੁਖ਼ਾਰ ਚੈੱਕ ਕੀਤਾ ਜਾਂਦਾ ਹੈ। ਵੈਸੇ ਆਮ ਕਰਕੇ, ਮੂੰਹ ਦਾ ਤਾਪਮਾਨ ਹੀ ਲਿਆ ਜਾਂਦਾ ਹੈ। ਵਰਜਿਸ਼, ਜ਼ੋਰ ਵਾਲਾ ਕੰਮ ਕਰਨ, ਮਾਸਿਕ ਧਰਮ, ਗਰਮੀ-ਸਲਾਭੇ ਵਾਲੇ ਮੌਸਮ ਆਦਿ, ਕਾਰਨਾਂ ਕਰਕੇ ਵੀ, ਵਿਅਕਤੀ ਦਾ ਨਾਰਮਲ ਤਾਪਮਾਨ, ਥੋੜ੍ਹਾ ਵੱਧ ਹੋ ਸਕਦਾ ਹੈ (ਕਿਸੇ ਬੀਮਾਰੀ ਤੋਂ ਬਿਨਾਂ) ।

ਮਨੁੱਖੀ ਸਰੀਰ ਦੇ ਤਾਪਮਾਨ ਨੂੰ ਕੰਟਰੋਲ 'ਚ ਰੱਖਣ ਲਈ ਕੁਦਰਤ ਨੇ ਸਾਡੇ ਦਿਮਾਗ ਵਿੱਚ ਇੱਕ ਥਰਮੋਸਟੈਟ Thermostat ਲਗਾਈ ਹੋਈ ਹੈ ਜਿਸ ਨੂੰ ਹਾਈਪੋ-ਥੈਲਮਸ Hypothalamus ਕਿਹਾ ਜਾਂਦਾ ਹੈ। ਦਿਮਾਗ ਵਿੱਚ ਸਥਿਤ, ਇਹ ਨਰਵਸ ਸਿਸਟਮ ਦਾ ਇੱਕ ਹਿੱਸਾ ਹੁੰਦਾ ਹੈ।ਕਿਸੇ ਤਰ੍ਹਾਂ ਦੀ ਇਨਫੈਕਸ਼ਨ ਕਰਕੇ ਜਦ, ਸਰੀਰ ਵਿੱਚ ਬੈਕਟੀਰੀਆ ਜਾਂ ਵਾਇਰਸ ਵਧਣ ਲੱਗਦੇ ਹਨ ਤਾਂ ਇਹ ਥਰਮੋਸਟੈਟ, ਬੈਕਟੀਰੀਆ ਜਾਂ ਵਾਇਰਸਾਂ ਦੀ ਗਿਣਤੀ ਨੂੰ ਘਟਾਉਣ ਵਾਸਤੇ ਸਰੀਰ ਦਾ ਤਾਪਮਾਨ ਵਧਾ ਦਿੰਦਾ ਹੈ।ਲੱਤਾਂ-ਬਾਹਾਂ ਦਾ ਵਧੇਰੇ ਖ਼ੂਨ, ਅੰਦਰਲੇ ਅੰਗਾਂ ਵੱਲ ਨੂੰ ਚਲਾ ਜਾਂਦਾ ਹੈ, ਇਸੇ ਕਰਕੇ ਬੁਖ਼ਾਰ ਦੌਰਾਨ ਕੰਬਾ ਲੱਗਦਾ ਹੈ। ਵੱਧ ਤੋਂ ਵੱਧ ਬੁਖ਼ਾਰ 105 ਤੱਕ ਜਾ ਸਕਦਾ ਹੈ।

ਤਾਪ, ਤੇਜ਼ ਹੋਵੇ ਤਾਂ ਬੰਦੇ ਦਾ ਸਾਰਾ ਸਰੀਰ ਬੜਾ ਗਰਮ ਲੱਗਦਾ ਹੈ, ਮੂੰਹ ਲਾਲ ਹੋ ਜਾਂਦਾ ਹੈ ਤੇ ਤਾਪ ਲੱਥਣ ਵੇਲੇ ਤਰੇਲੀਆਂ ਆਉਂਦੀਆਂ ਹਨ।ਕਈ ਵਾਰ ਤੇਜ਼ ਬੁਖ਼ਾਰ ਨਾਲ ਦੌਰੇ ਵੀ ਪੈ ਜਾਂਦੇ ਹਨ ਖ਼ਾਸ ਕਰਕੇ ਛੋਟੇ ਬੱਚਿਆਂ ਵਿੱਚ। ਕਈ ਤਰ੍ਹਾਂ ਦੀਆਂ ਮਾਮੂਲੀ ਤੋਂ ਲੈ ਕੇ ਗੰਭੀਰ ਮੈਡੀਕਲ ਸਥਿਤੀਆਂ ਵਿੱਚ, ਬੁਖ਼ਾਰ ਇੱਕ ਲੱਛਣ ਹੋ ਸਕਦਾ ਹੈ ਜਿਵੇਂ ਬੈਕਟੀਰੀਆ ਜਾਂ ਵਾਇਰਸ ਦੀ ਇਨਫੈਕਸ਼ਨ (ਕੋਰੋਨਾ ਦੀ ਇਨਫੈਕਸ਼ਨ, ਡੇਂਗੂ ਬੁਖ਼ਾਰ, ਹੈਪੇਟਾਈਟਿਸ ਜਾਂ ਜਿਗਰ ਦੀ ਸੋਜ), ਮਲੇਰੀਆ, ਖੰਘ-ਜ਼ੁਕਾਮ, ਕੰਨ ਦੀ ਇਨਫੈਕਸ਼ਨ, ਫੋੜੇ-ਫਿਨਸੀਆਂ ਤੇ ਕੱਛਾਂ ਜਾਂ ਨਲਾਂ 'ਚ ਸੰਢਾ ਚੜ੍ਹਨਾ, ਨਿਮੋਨੀਆ, ਟੀ.ਬੀ., ਐਪੈਂਡੀਸਾਈਟਿਸ, ਆਰਥਰਾਈਟਿਸ (ਜੋੜਾਂ ਦੀਆਂ ਪੀੜਾਂ ਤੇ ਇਨਫੈਕਸ਼ਨ), ਦਿਮਾਗ ਦੀਆਂ ਝਿੱਲੀਆਂ ਦੀ ਸੋਜ (ਮੈਨਿੰਜਾਈਟਿਸ), ਦਿਮਾਗ ਦੀ ਸੋਜ (ਇੰਨਸੈਫ਼ੇਲਾਈਟਿਸ), ਗੁਰਦਿਆਂ ਦੀ ਇਨਫੈਕਸ਼ਨ, ਪਿਸ਼ਾਬ ਪ੍ਰਣਾਲੀ ਦੀ ਇਨਫੈਕਸ਼ਨ ਆਦਿ।



ਤਾਪ ਦੀਆਂ ਕਿਸਮਾਂ- ਲਗਾਤਾਰ ਬੁਖ਼ਾਰ, ਸਾਰਾ ਦਿਨ-24 ਘੰਟੇ ਹੀ ਰਹਿੰਦਾ ਹੈ, ਵਿਚੋਂ ਵਿਚੋਂ, ਇੱਕ ਡਿਗਰੀ ਉੱਪਰ-ਥੱਲੇ ਹੋ ਸਕਦਾ ਹੈ ਪਰ ਲੱਥਦਾ ਹੀ ਨਹੀਂ। ਇਸ ਤਰ੍ਹਾਂ ਦਾ ਤਾਪ, ਨਿਮੋਨੀਆ, ਮੈਨਿੰਜਾਈਟਿਸ, ਟਾਈਫਾਈਡ, ਪਿਸ਼ਾਬ ਪ੍ਰਣਾਲੀ ਦੀ ਇਨਫੈਕਸ਼ਨ, ਆਦਿ ਵਿੱਚ ਹੁੰਦਾ ਹੈ।ਰੁਕ ਰੁਕ ਕੇ ਹੋਣ ਵਾਲਾ ਬੁਖ਼ਾਰ - ਮਲੇਰੀਆ ਦੀਆਂ ਵੱਖ-ਵੱਖ ਕਿਸਮਾਂ 'ਚ ਹੁੰਦਾ ਹੈ ਜਿਵੇਂ ਤੀਸਰੇ ਦਿਨ ਚੜ੍ਹਨ ਵਾਲੇ ਮਲੇਰੀਏ ਤਾਪ ਨੂੰ ÷ਤਰੇਈਆ ਤਾਪ÷ ਵੀ ਕਹਿੰਦੇ ਹਨ। ਮਲੇਰੀਏ ਦੀ ਇੱਕ ਹੋਰ ਕਿਸਮ ਵਿੱਚ 72 ਘੰਟਿਆਂ ਬਾਅਦ ਤਾਪ ਚੜ੍ਹਦਾ ਹੈ। ਇਸੇ ਤਰ੍ਹਾਂ, ਕਾਲਾ-ਆਜ਼ਾਰ ਤੇ ਸੈਪਟੀਸੀਮੀਆ ਵਿੱਚ ਵੀ, ਰੁਕ ਰੁਕ ਕੇ ਤਾਪ ਚੜ੍ਹਦਾ ਹੈ।

ਲਿੰਫ ਨੋਡਜ਼ ਦੇ ਕੈਂਸਰ (ਹੌਜਕਿਨ ਲਿੰਫੋਮਾ) 'ਚ ਤਾਪ ਚੜ੍ਹਨ ਦਾ ਇੱਕ ਖ਼ਾਸ ਵਤੀਰਾ (ਪੈਟਰਨ) ਹੁੰਦਾ ਹੈ ਜਿਸ ਨੂੰ ਪੈਲ-ਐਬਸਟੀਨ ਤਾਪ ਕਿਹਾ ਜਾਂਦਾ ਹੈ। ਇਹ, ਪਹਿਲੇ ਹਫ਼ਤੇ ਵਿੱਚ ਤੇਜ਼, ਦੂਸਰੇ ਹਫ਼ਤੇ ਵਿੱਚ ਕੁਝ ਘੱਟ ਤੇ ਉਸ ਤੋਂ ਬਾਅਦ ਕੁਝ ਹੋਰ ਘੱਟ, ਤੇ ਇੱਦਾਂ ਹੀ ਚਲਦਾ ਰਹਿੰਦਾ ਹੈ। ਇਹਦੇ ਨਾਲ ਰਾਤ ਨੂੰ ਤਰੇਲੀਆਂ ਵੀ ਆਉਂਦੀਆਂ ਹਨ। ਜਦ ਕੈਂਸਰ ਦੇ ਇਲਾਜ ਵਜੋਂ ਕੀਮੋਥੈਰੇਪੀ ਲੈ ਰਹੇ ਰੋਗੀਆਂ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ ਤਾਂ ਇਨਫੈਕਸ਼ਨ ਨਾਲ ਲੜਨ ਦੀ ਤਾਕਤ ਘਟ ਜਾਂਦੀ ਹੈ, ਸੋ ਬੈਕਟੀਰੀਆ ਬੜੀ ਤੇਜ਼ੀ ਨਾਲ ਵਧਦੇ ਹਨ, ਇਸ ਲਈ ਇਸ ਤਰ੍ਹਾਂ ਦਾ ਬੁਖ਼ਾਰ ਖ਼ਤਰਨਾਕ ਸਾਬਤ ਹੋ ਸਕਦਾ ਹੈ ਤੇ ਇਸ ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੁੰਦੀ ਹੈ। ਕਈ ਵਾਰੀ ਥੋੜ੍ਹਾ-ਥੋੜ੍ਹਾ ਬੁਖ਼ਾਰ ਰਹਿੰਦਾ ਹੈ ਜਿਹਦੇ ਕਾਰਨ ਦਾ ਪਤਾ ਹੀ ਨਹੀਂ ਲੱਗਦਾ; ਹੋ ਸਕਦਾ ਵਧੇਰੇ ਥਕਾਵਟ ਵਾਲੇ ਕੰਮ ਨਾਲ ਸਰੀਰ ਟੁੱਟਦਾ ਭੱਜਦਾ ਹੋਵੇ, ਤੇ ਨਾਲ ਥੋੜ੍ਹਾ ਜਿਹਾ ਬੁਖ਼ਾਰ ਮਹਿਸੂਸ ਹੋਵੇ ਪਰ ਇਸ ਤਰ੍ਹਾਂ ਦਾ ਬੁਖ਼ਾਰ, ਆਪਣੇ ਆਪ ਹੀ ਹਫ਼ਤੇ ਦਸਾਂ ਦਿਨਾਂ 'ਚ ਠੀਕ ਹੋ ਜਾਂਦਾ ਹੈ। 104 ਜਾਂ ਇਸ ਤੋਂ ਵੱਧ ਤਾਪ ਨੂੰ ਮੈਡੀਕਲ ਐਮਰਜੈਂਸੀ ਸਮਝਿਆ ਜਾਂਦਾ ਹੈ।ਰੋਗੀ ਨੂੰ ਫ਼ੌਰੀ ਤੌਰ ਉੱਤੇ ਇਲਾਜ ਵਾਸਤੇ ਹਸਪਤਾਲ ਦਾਖ਼ਲ ਕਰਵਾਉਣਾ ਚਾਹੀਦਾ ਹੈ ਤਾਂ ਕਿ ਜਾਂਚ ਤੋਂ ਬਾਅਦ ਲੋੜੀਂਦਾ ਇਲਾਜ ਕਰਵਾਇਆ ਜਾ ਸਕੇ, ਐਸੀ ਸਥਿਤੀ ਵਿੱਚ ਦਿਮਾਗ 'ਚ ਰਕਤ-ਰਸਾਵ ਜਾਂ ਬ੍ਰੇਨ ਡੈੱਥ ਹੋ ਸਕਦੀ ਹੈ।

ਬੁਖ਼ਾਰ ਦੇ ਲੱਛਣ: ਸਰੀਰ 'ਚੋਂ ਸੇਕ ਨਿਕਲਣਾ, ਠੰਢ ਲੱਗਣੀ, ਕਈ ਵਾਰ ਕਾਂਬਾ ਵੀ ਛਿੜ ਜਾਣਾ, ਮੂੰਹ ਦਾ ਸਵਾਦ ਖ਼ਰਾਬ ਹੋਣਾ, ਭੁੱਖ ਨਾ ਲੱਗਣੀ, ਮੂੰਹ ਸੁੱਕਣਾ (ਇਸ ਵਾਸਤੇ ਤਰਲ ਪਦਾਰਥ ਲੈਂਦੇ ਰਹਿਣਾ ਚਾਹੀਦਾ ਹੈ), ਢਹਿੰਦੀਆਂ ਕਲਾਂ ਵਾਲਾ ਮੂਡ, ਸਰੀਰ 'ਚ ਪੀੜਾਂ, ਸੁਸਤੀ, ਕਮਜ਼ੋਰੀ, ਨੀਂਦ ਆਈ ਜਾਣੀ, ਮੁੜ੍ਹਕਾ ਆਉਣਾ ਆਦਿ।

ਹਾਇਪਰਥਰਮੀਆ ਵਿੱਚ ਵੀ ਸਰੀਰ ਦਾ ਤਾਪਮਾਨ ਵਧ ਜਾਂਦਾ ਹੈ ਪਰ ਉਹ ਬੁਖ਼ਾਰ ਨਹੀਂ ਹੁੰਦਾ। ਇਸ ਦੀਆਂ ਉਦਾਹਰਣਾਂ ਹਨ - ਲੂ ਲੱਗਣੀ ਜਾਂ ਹੀਟ-ਸਟਰੋਕ, ਗੰਭੀਰ ਕਿਸਮ ਦੇ ਡਰੱਗ ਰਿਐਕਸ਼ਨ ਆਦਿ।

ਤਾਪ ਵਾਲੇ ਵਿਅਕਤੀ ਦੀ ਮੁਕੰਮਲ ਜਾਂਚ ਕਰਵਾਉਣ ਤੋਂ ਬਾਅਦ ਹੀ ਇਲਾਜ ਕੀਤਾ ਜਾਂਦਾ ਹੈ। ਸਰੀਰ ਦੀ ਛੋਟੀ-ਮੋਟੀ ਢਿੱਲ-ਮੱਠ ਕਾਰਨ ਹੋਏ ਬੁਖ਼ਾਰ ਲਈ ਭਾਵੇਂ ਤੁਸੀਂ ਕੋਈ ਵੀ ਦਵਾ ਨਾ ਲਓ, ਤੇ ਸਰੀਰ ਦੇ ਇਮਿਊਨ ਸਿਸਟਮ ਨੂੰ ਕੰਮ ਕਰਨ ਦਿਓ ।ਦਵਾਈ ਵਜੋਂ ਇਬੂਪ੍ਰੋਫੈਨ ( Ibuprofen ) ਜਾਂ ਐਸਟਾਮਿਨੋਫੈਨ (Acetaminophen/ Paracetamol) ਵਰਤੀ ਜਾ ਸਕਦੀ ਹੈ।ਦਵਾਈਆਂ ਤੋਂ ਇਲਾਵਾ, ਠੰਢੀਆਂ ਪੱਟੀਆਂ ਕਰਨੀਆਂ, ਕਮਰੇ ਦੇ ਤਾਪਮਾਨ ਨੂੰ ਘੱਟ ਕਰਨਾ ਤੇ ਵਾਧੂ ਕੱਪੜੇ ਲਾਹ ਦੇਣਾ ਆਦਿ। ਡਾਕਟਰ ਦੀ ਸਲਾਹ ਨਾਲ ਜਾਂਚ ਤੋਂ ਬਾਅਦ ਇਲਾਜ ਕਰਵਾਉਣਾ ਚਾਹੀਦਾ ਹੈ। ਫਲ, ਫਲਾਂ ਦਾ ਰਸ, ਸਾਫ਼ ਪਾਣੀ, ਪੌਸ਼ਟਿਕ ਭੋਜਨ ਦਾ ਸੇਵਨ ਜ਼ਰੂਰੀ ਹੈ।






# ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW
COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ ।

E Mail: Contact@twcoverings.com
Web: www.twcoverings.com
Timelesswindowcoverings

# ਜਦੋਂ ਹਰ ਦਸਤਾਵੇਜ਼ ਮੌਜੂਦ ਹੈ, ਤਾਂ ਭਾਰਤੀਆਂ ਦੀ ਨਾਗਰਿਕ ਅਜੇ ਵੀ ਅਨਿਸ਼ਚਿਤ ਕਿਉਂ ?

## ਭਾਰਤੀ ਲੋਕਤੰਤਰ ਵਿੱਚ ਪਹਿਚਾਣ, ਨਾਗਰਿਕਤਾ ਅਤੇ ਸਪਸ਼ਟਤਾ ਦੀ ਵੱਧ ਰਹੀ ਲੋੜ



**ਡਾ: ਸੇਠੀ ਕੇ.ਸੀ.**
ਲੇਖਕ ਦਮਨ,ਇੰਡੀਆ
ਆਕਲੈਂਡ, ਨਿਊਜ਼ੀਲੈਂਡ

ਭਾਰਤੀ ਲੋਕਤੰਤਰ ਵਿੱਚ ਸਪਸ਼ਟਤਾ ਦੀ ਵੱਧ ਰਹੀ ਲੋੜ ਅਤੇ ਪਹਿਚਾਣ ਤੇ ਨਾਗਰਿਕਤਾ ਦੀ ਭੂਮਿਕਾ ਅੱਜ ਇੱਕ ਮਹੱਤਵਪੂਰਨ ਵਿਸ਼ਾ ਬਣ ਰਹੀ ਹੈ।

ਲੋਕਾਂ ਦਾ ਭਰੋਸਾ ਕਿਸੇ ਵੀ ਦੇਸ਼ ਦੀ ਤਾਕਤ ਹੁੰਦਾ ਹੈ ਅਤੇ ਇਹ ਉਸ ਦੇ ਸੰਵਿਧਾਨ ਅਤੇ ਸੰਸਥਾਵਾਂ ਦੀ ਨੀਂਹ ਵੀ ਹੁੰਦਾ ਹੈ। ਹਰ ਨਾਗਰਿਕ ਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਰਾਜ ਉਸ ਦੀ ਪਹਿਚਾਣ ਨੂੰ ਮੰਨਦਾ ਹੈ, ਉਸ ਦੀ ਰੱਖਿਆ ਕਰਦਾ ਹੈ ਅਤੇ ਉਸ ਦਾ ਸਤਿਕਾਰ ਕਰਦਾ ਹੈ। ਪਰ ਪਿਛਲੇ ਕੁਝ ਹਫ਼ਤਿਆਂ ਵਿੱਚ ਇੱਕ ਮਹੱਤਵਪੂਰਨ ਰਾਸ਼ਟਰੀ ਚਰਚਾ ਨੇ ਲੱਖਾਂ ਭਾਰਤੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਘਰਾਂ ਵਿੱਚ, ਸੋਸ਼ਲ ਮੀਡੀਆ ਉੱਤੇ ਅਤੇ ਜਨਤਕ ਚਰਚਾਵਾਂ ਵਿੱਚ ਇੱਕ ਸਧਾਰਨ ਪਰ ਬਹੁਤ ਮਹੱਤਵਪੂਰਨ ਸਵਾਲ ਪੁੱਛਿਆ ਜਾ ਰਿਹਾ ਹੈ:

ਜੇ ਆਧਾਰ ਨਾਗਰਿਕਤਾ ਦਾ ਸਬੂਤ ਨਹੀਂ ਹੈ, ਜੇ ਇਹ ਨਾਗਰਿਕਤਾ ਦਾ ਅੰਤਿਮ ਸਬੂਤ ਨਹੀਂ ਹੈ, ਜੇ ਪਾਸਪੋਰਟ ਵੀ ਹਰ ਕਾਨੂੰਨੀ ਸਥਿਤੀ ਵਿੱਚ ਨਾਗਰਿਕਤਾ ਦਾ ਅੰਤਿਮ ਸਬੂਤ ਨਹੀਂ ਹੈ, ਜੇ ਵੋਟਰ ਪਹਿਚਾਣ ਪੱਤਰ ਵੀ ਨਾਗਰਿਕਤਾ ਦਾ ਅੰਤਿਮ ਸਬੂਤ ਨਹੀਂ ਹੈ, ਤਾਂ ਆਮ ਭਾਰਤੀ ਕੋਲ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਆਖ਼ਿਰ ਕਿਹੜਾ ਸਬੂਤ ਹੈ ?

ਇਹ ਸਵਾਲ ਸਿਰਫ਼ ਕਿਸੇ ਵਿਦਵਾਨ ਦੀ ਜਿਗਿਆਸਾ ਕਾਰਨ ਨਹੀਂ ਉੱਠਿਆ। ਇਹ ਹਾਲ ਹੀ ਦੀਆਂ ਜਨਤਕ ਚਰਚਾਵਾਂ, ਸਰਕਾਰੀ ਸਪਸ਼ਟੀਕਰਨਾਂ ਅਤੇ ਨਾਗਰਿਕਤਾ ਦੀ ਜਾਂਚ ਤੇ ਚੋਣ ਪ੍ਰਕਿਰਿਆ ਨਾਲ ਜੁੜੇ ਵਿਵਾਦਾਂ ਕਾਰਨ ਸਾਹਮਣੇ ਆਇਆ ਹੈ। ਪਰ ਪਹਿਚਾਣ ਅਤੇ ਨਾਗਰਿਕਤਾ ਵਿਚਲਾ ਕਾਨੂੰਨੀ ਅੰਤਰ ਲੱਖਾਂ ਆਮ ਨਾਗਰਿਕਾਂ ਲਈ ਆਸਾਨੀ ਨਾਲ ਸਮਝ ਆਉਣ ਵਾਲੀ ਗੱਲ ਨਹੀਂ ਹੈ। ਉਨ੍ਹਾਂ ਲਈ ਇਹ ਇੱਕ ਉਲਝਣ ਬਣ ਜਾਂਦੀ ਹੈ। ਇਸ ਉਲਝਣ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਸਗੋਂ ਇਸ ਨੂੰ ਸਮਝਦਾਰੀ ਅਤੇ ਸਾਵਧਾਨੀ ਨਾਲ ਹੱਲ ਕਰਨਾ ਚਾਹੀਦਾ ਹੈ।

ਕਈ ਦਹਾਕਿਆਂ ਤੋਂ ਭਾਰਤੀਆਂ ਨੂੰ ਸਰਕਾਰੀ ਦਸਤਾਵੇਜ਼ ਬਣਵਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਲੋਕਾਂ ਨੇ ਆਧਾਰ ਲਈ ਰਜਿਸਟ੍ਰੇਸ਼ਨ ਕਰਵਾਈ, ਪੈਨ ਕਾਰਡ ਬਣਵਾਏ, ਪਾਸਪੋਰਟ ਲਏ, ਵੋਟ ਪਾਈ, ਡਰਾਈਵਿੰਗ ਲਾਇਸੈਂਸ ਬਣਵਾਏ, ਰਾਸ਼ਨ ਕਾਰਡ ਲਏ, ਬੈਂਕ ਖਾਤੇ ਖੋਲ੍ਹੇ, ਜਾਇਦਾਦਾਂ ਖਰੀਦੀਆਂ, ਟੈਕਸ ਭਰੇ ਅਤੇ ਅਨੇਕਾਂ ਕਾਨੂੰਨੀ ਕਾਰਵਾਈਆਂ ਪੂਰੀਆਂ ਕੀਤੀਆਂ। ਇਨ੍ਹਾਂ ਸਾਰੇ ਦਸਤਾਵੇਜ਼ਾਂ ਨੂੰ ਕਿਸੇ ਨਾ ਕਿਸੇ ਸਰਕਾਰੀ ਏਜੰਸੀ ਵੱਲੋਂ ਜਾਂਚਿਆ ਅਤੇ ਮਨਜ਼ੂਰ ਕੀਤਾ ਗਿਆ। ਇਸ ਲਈ ਆਮ ਲੋਕਾਂ ਨੂੰ ਕੁਦਰਤੀ ਤੌਰ ਤੇ ਇਹ ਵਿਸ਼ਵਾਸ ਰਿਹਾ ਕਿ ਇਹ ਦਸਤਾਵੇਜ਼ ਸਰਕਾਰ ਵੱਲੋਂ ਉਨ੍ਹਾਂ ਦੀ ਸਥਿਤੀ ਦੀ ਅਧਿਕਾਰਤ ਪਛਾਣ ਹਨ।ਇਸ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਸਭ ਤੋਂ ਭਰੋਸੇਯੋਗ ਸਰਕਾਰੀ ਦਸਤਾਵੇਜ਼ਾਂ ਵਿੱਚੋਂ ਇੱਕ ਪਾਸਪੋਰਟ ਹੈ, ਪਰ ਕੁਝ ਕਾਨੂੰਨੀ ਸਥਿਤੀਆਂ ਵਿੱਚ ਸਿਰਫ਼ ਪਾਸਪੋਰਟ ਹੀ ਨਾਗਰਿਕਤਾ ਸਾਬਤ ਕਰਨ ਲਈ ਕਾਫ਼ੀ ਨਹੀਂ ਹੁੰਦਾ। ਇਸੇ ਤਰ੍ਹਾਂ ਆਧਾਰ ਅਤੇ ਪੈਨ ਵਰਗੇ ਦਸਤਾਵੇਜ਼ਾਂ ਬਾਰੇ ਵੀ ਪਹਿਚਾਣ ਅਤੇ ਟੈਕਸ ਨਾਲ ਜੁੜੇ ਵੱਖ-ਵੱਖ ਸਪਸ਼ਟੀਕਰਨ ਮੌਜੂਦ ਹਨ। ਕਾਨੂੰਨੀ ਪੱਖੋਂ ਇਹ ਅੰਤਰ ਸਵੀਕਾਰਿਆ ਗਿਆ ਹੈ। ਪਰ ਭਾਵਨਾਤਮਕ ਪੱਖੋਂ ਇਸ ਨੇ ਬਹੁਤ ਸਾਰੇ ਨਾਗਰਿਕਾਂ ਨੂੰ ਉਲਝਣ ਵਿੱਚ ਪਾ ਦਿੱਤਾ ਹੈ।

ਆਮ ਨਾਗਰਿਕ ਦੇ ਮਨ ਵਿੱਚ ਪਹਿਚਾਣ, ਕੌਮੀਅਤ, ਨਿਵਾਸ ਅਤੇ ਨਾਗਰਿਕਤਾ ਵਰਗੇ ਸ਼ਬਦ ਅਕਸਰ ਇੱਕੋ ਅਰਥ ਵਿੱਚ ਵਰਤੇ ਜਾਂਦੇ ਹਨ। ਕਈ ਵਾਰ ਉਹ ਸਮਝਦਾ ਹੈ ਕਿ ਇਹ ਸਾਰੀਆਂ ਗੱਲਾਂ ਇੱਕੋ ਹੀ ਹਨ। ਸਰਕਾਰ ਨੇ ਉਸ ਨੂੰ ਪਛਾਣ ਦਿੱਤੀ ਹੈ, ਉਸ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ ਹੈ, ਉਸ ਕੋਲ ਪਾਸਪੋਰਟ ਹੈ, ਉਹ ਟੈਕਸ ਭਰਦਾ ਹੈ ਅਤੇ ਉਸ ਕੋਲ ਜਾਇਦਾਦ ਹੈ; ਇਸ ਲਈ ਉਹ ਕੁਦਰਤੀ ਤੌਰ @ਤੇ ਮੰਨਦਾ ਹੈ ਕਿ ਉਹ ਭਾਰਤ ਦਾ ਨਾਗਰਿਕ ਹੈ। ਜੇ ਉਸ ਨੂੰ ਇਸ ਦੇ ਉਲਟ ਕੁਝ ਨਹੀਂ ਦੱਸਿਆ ਜਾਂਦਾ, ਤਾਂ ਅਚਾਨਕ ਉੱਠਣ ਵਾਲੇ ਸਵਾਲ ਉਸ ਦੇ ਭਰੋਸੇ ਅਤੇ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦੇ ਹਨ।

ਇਹ ਮਾਮਲਾ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਭਾਰਤੀ ਨਾਗਰਿਕਤਾ ਹਰ ਵਿਅਕਤੀ ਨੂੰ ਇੱਕੋ ਹੀ ਤਰੀਕੇ ਨਾਲ ਨਹੀਂ ਮਿਲਦੀ। ਨਾਗਰਿਕਤਾ Citizenship Act, 1955 ਦੇ ਅਧੀਨ ਜਨਮ, ਵੰਸ਼, ਰਜਿਸਟ੍ਰੇਸ਼ਨ ਜਾਂ ਨੈਚੁਰਲਾਈਜ਼ੇਸ਼ਨ (ਕੁਦਰਤੀਕਰਨ) ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਲਈ ਵੱਖ-ਵੱਖ ਵਿਅਕਤੀਆਂ ਲਈ ਵੱਖ-ਵੱਖ ਦਸਤਾਵੇਜ਼ਾਂ ਦੇ ਜੋੜ ਵਰਤੇ ਜਾ ਸਕਦੇ ਹਨ। ਸੰਵਿਧਾਨਕ ਅਤੇ ਕਾਨੂੰਨੀ ਮਾਹਿਰਾਂ ਲਈ ਇਹ ਕਾਨੂੰਨ ਸਮਝਣਾ ਮੁਸ਼ਕਲ ਨਹੀਂ ਹੈ, ਪਰ ਆਮ ਲੋਕਾਂ ਵਿੱਚ ਇਸ ਬਾਰੇ ਜਾਣਕਾਰੀ ਬਹੁਤ ਘੱਟ ਹੈ।

ਹਾਲ ਹੀ ਵਿੱਚ ਦੇਸ਼ ਦੇ ਕੁਝ ਹਿੱਸਿਆਂ ਵਿੱਚ ਹੋਈਆਂ ਚੋਣੀ ਸੂਚੀਆਂ ਦੀ ਜਾਂਚ ਦੀਆਂ ਕਾਰਵਾਈਆਂ ਦੇ ਸੰਦਰਭ ਵਿੱਚ ਇਹ ਵਿਵਾਦ ਹੋਰ ਵੀ ਗੰਭੀਰ ਹੋ ਗਿਆ ਹੈ। ਬਹੁਤ ਸਾਰੇ ਪਰਿਵਾਰਾਂ ਲਈ ਪੁਰਾਣੇ ਦਸਤਾਵੇਜ਼ ਪੇਸ਼ ਕਰਨਾ ਮੁਸ਼ਕਲ ਹੋ ਸਕਦਾ ਹੈ, ਖ਼ਾਸ ਕਰਕੇ ਬਜ਼ੁਰਗਾਂ, ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਅਤੇ ਉਨ੍ਹਾਂ ਪਰਿਵਾਰਾਂ ਲਈ ਜਿਨ੍ਹਾਂ ਨੇ ਕਈ ਦਹਾਕੇ ਪਹਿਲਾਂ ਆਪਣੇ ਦਸਤਾਵੇਜ਼ ਢੰਗ ਨਾਲ ਸੰਭਾਲ ਕੇ ਨਹੀਂ ਰੱਖੇ। ਖ਼ਬਰਾਂ, ਰਾਜਨੀਤਿਕ ਚਰਚਾਵਾਂ ਅਤੇ ਜਨਤਕ ਵਿਚਾਰ-ਵਟਾਂਦਰੇ ਨੇ ਵੀ ਇਨ੍ਹਾਂ ਚਿੰਤਾਵਾਂ ਨੂੰ ਵਧਾਇਆ ਹੈ। ਇਹ ਡਰ ਅਸਲੀ ਹੋਣ ਜਾਂ ਸਿਰਫ਼ ਧਾਰਣਾ ਹੋਣ, ਕਿਸੇ ਵੀ ਕਾਰਨ ਕਰਕੇ ਲੋਕਾਂ ਦੇ ਭਰੋਸੇ ਨੂੰ ਕਮਜ਼ੋਰ ਕਰ ਸਕਦੇ ਹਨ।

ਇਸ ਚਰਚਾ ਦੇ ਇੱਕ ਹੋਰ ਮਹੱਤਵਪੂਰਨ ਪੱਖ ਨੂੰ ਯਾਦ ਰੱਖਣਾ ਵੀ ਜ਼ਰੂਰੀ ਹੈ। ਹਰ ਸੰਪ੍ਰਭੂ ਦੇਸ਼ ਨੂੰ ਇਹ ਅਧਿਕਾਰ ਅਤੇ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਤੈਅ ਕਰੇ ਕਿ ਉਸ ਦਾ ਨਾਗਰਿਕ ਕੌਣ ਹੈ। ਵੋਟ ਪਾਉਣ ਦੇ ਅਧਿਕਾਰ, ਸੰਵਿਧਾਨਕ ਸੁਰੱਖਿਆ,




ਸਰਕਾਰੀ ਭਲਾਈ ਦੀਆਂ ਯੋਜਨਾਵਾਂ ਅਤੇ ਰਾਸ਼ਟਰੀ ਸੁਰੱਖਿਆ—ਇਹ ਸਾਰੀਆਂ ਗੱਲਾਂ ਨਾਗਰਿਕਤਾ ਨਾਲ ਜੁੜੀਆਂ ਹੋਈਆਂ ਹਨ। ਹਰ ਲੋਕਤੰਤਰਿਕ ਦੇਸ਼ ਵਿੱਚ ਨਾਗਰਿਕਤਾ ਨਾਲ ਸਬੰਧਤ ਕਾਨੂੰਨ ਹੁੰਦੇ ਹਨ। ਭਾਰਤ ਵਿੱਚ ਵੀ ਇਹੀ ਪ੍ਰਬੰਧ ਹੈ। ਇੱਕ ਜ਼ਿੰਮੇਵਾਰ ਸਰਕਾਰ ਜਿੱਥੇ ਜ਼ਰੂਰੀ ਹੋਵੇ, ਉੱਥੇ ਸਹੀ ਰਿਕਾਰਡ ਰੱਖਣ ਅਤੇ ਕਾਨੂੰਨੀ ਜਾਂਚ ਦੀ ਲੋੜ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਸਵਾਲ ਇਹ ਨਹੀਂ ਹੈ ਕਿ ਨਾਗਰਿਕਤਾ ਦੀ ਜਾਂਚ ਹੋਣੀ ਚਾਹੀਦੀ ਹੈ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਨਾਗਰਿਕਤਾ ਦੀ ਜਾਂਚ ਕਿਵੇਂ ਕੀਤੀ ਜਾਵੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹਜਾਂਚ ਨਿਰਪੱਖ, ਪਾਰਦਰਸ਼ੀ, ਪ੍ਰਭਾਵਸ਼ਾਲੀ ਅਤੇ ਮਨੁੱਖੀ ਹੋਵੇ। ਜੋ ਵਿਅਕਤੀ ਸੱਚਮੁੱਚ ਇਸ ਦੇਸ਼ ਦਾ ਨਾਗਰਿਕ ਹੈ, ਉਸ ਨੂੰ ਆਪਣੀ ਪੂਰੀ ਜ਼ਿੰਦਗੀ ਜਿਸ ਦੇਸ਼ ਦੀ ਸੇਵਾ ਕੀਤੀ ਹੈ, ਉਸੇ ਦੇਸ਼ ਦੇ ਸਾਹਮਣੇ ਵਾਰ-ਵਾਰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਮਜਬੂਰ ਕਰਨਾ ਠੀਕ ਨਹੀਂ ਹੈ।

ਇਤਿਹਾਸ ਸਾਨੂੰ ਦੱਸਦਾ ਹੈ ਕਿ ਲੱਖਾਂ ਭਾਰਤੀ ਉਸ ਸਮੇਂ ਪੈਦਾ ਹੋਏ ਜਦੋਂ ਜਨਮ ਦਾ ਰਿਕਾਰਡ ਰੱਖਣ ਦੀ ਪ੍ਰਣਾਲੀ ਅੱਜ ਵਰਗੀ ਨਹੀਂ ਸੀ। ਬਹੁਤ ਸਾਰੇ ਪਿੰਡਾਂ ਵਿੱਚ ਪੂਰੇ ਰਿਕਾਰਡ ਨਹੀਂ ਰੱਖੇ ਜਾਂਦੇ ਸਨ। ਰੋਜ਼ਗਾਰ ਦੀ ਭਾਲ, ਹੜ੍ਹ, ਸੁੱਕਾ ਅਤੇ ਭਾਰਤ ਦੀ ਵੰਡ ਵਰਗੀਆਂ ਘਟਨਾਵਾਂ ਕਾਰਨ ਪਰਿਵਾਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣਾ ਪਿਆ। ਕੁਦਰਤੀ ਆਫ਼ਤਾਂ, ਹਾਦਸਿਆਂ ਅਤੇ ਸਮੇਂ ਦੇ ਬੀਤਣ ਨਾਲ ਕਈ ਦਸਤਾਵੇਜ਼ ਗੁੰਮ ਹੋ ਗਏ। ਪਿਛਲੇ ਦਹਾਕਿਆਂ ਵਿੱਚ ਪ੍ਰਸ਼ਾਸਨ ਦੀਆਂ ਕਮੀਆਂ ਕਾਰਨ ਅੱਜ ਦੇ ਨਾਗਰਿਕਾਂ ਨੂੰ ਦੋਸ਼ ਦੇਣਾ ਨਾ ਤਾਂ ਨਿਆਂਸੰਗਤ ਹੈ ਅਤੇ ਨਾ ਹੀ ਸੰਵੇਦਨਸ਼ੀਲ।

ਤਕਨਾਲੋਜੀ ਨੇ ਸ਼ਾਸਨ ਦੇ ਢੰਗ ਨੂੰ ਬਹੁਤ ਬਦਲ ਦਿੱਤਾ ਹੈ। ਅੱਜ ਭਾਰਤ ਦੁਨੀਆ ਦੀਆਂ ਸਭ ਤੋਂ ਵੱਡੀਆਂ ਡਿਜ਼ਿਟਲ ਪਹਿਚਾਣ ਪ੍ਰਣਾਲੀਆਂ ਵਿੱਚੋਂ ਇੱਕ ਰੱਖਦਾ ਹੈ। ਸਰਕਾਰੀ ਸੇਵਾਵਾਂ ਵਿੱਚ ਪਾਰਦਰਸ਼ਤਾ ਅਤੇ ਉਨ੍ਹਾਂ ਦੀ ਉਪਲਬਧਤਾ ਵਧੀ ਹੈ। ਕਈ ਖੇਤਰਾਂ ਵਿੱਚ ਡਿਜ਼ਿਟਲ ਰਿਕਾਰਡਾਂ ਦੀ ਮਦਦ ਨਾਲ ਭ੍ਰਿਸ਼ਟਾਚਾਰ ਘਟਿਆ ਹੈ ਅਤੇ ਕੰਮ ਕਰਨ ਦੀ ਸਮਰੱਥਾ ਵਧੀ ਹੈ। ਪਰ ਤਕਨਾਲੋਜੀ ਨੂੰ ਲੋਕਾਂ ਵਿੱਚ ਡਰ ਨਹੀਂ ਵਧਾਉਣਾ ਚਾਹੀਦਾ—ਇਸ ਨੂੰ ਭਰੋਸਾ ਪੈਦਾ ਕਰਨਾ ਚਾਹੀਦਾ ਹੈ। ਡਿਜ਼ਿਟਲ ਸ਼ਾਸਨ ਤਾਂ ਹੀ ਸਫਲ ਹੋ ਸਕਦਾ ਹੈ ਜਦੋਂ ਨਾਗਰਿਕ ਉਨ੍ਹਾਂ ਦਸਤਾਵੇਜ਼ਾਂ ਦੀ ਕਾਨੂੰਨੀ ਪਰਿਭਾਸ਼ਾ ਅਤੇ ਉਨ੍ਹਾਂ ਦੀਆਂ ਸੀਮਾਵਾਂ ਨੂੰ ਆਸਾਨੀ ਨਾਲ ਸਮਝ ਸਕਣ।

ਬਦਕਿਸਮਤੀ ਨਾਲ, ਜਨਤਕ ਜਾਣਕਾਰੀ ਦੇ ਪੱਧਰ @ਤੇ ਵੀ ਇਹ ਗੱਲ ਪੂਰੀ ਤਰ੍ਹਾਂ ਨਹੀਂ ਹੋਈ। ਬਹੁਤ ਘੱਟ ਲੋਕਾਂ ਨੂੰ ਵੱਖ-ਵੱਖ ਦਸਤਾਵੇਜ਼ਾਂ ਦੇ ਕਾਨੂੰਨੀ ਉਦੇਸ਼ ਬਾਰੇ ਸਿੱਧਾ ਅਤੇ ਸਪਸ਼ਟ ਜਵਾਬ ਮਿਲਦਾ ਹੈ। ਆਧਾਰ ਦੀ ਵਰਤੋਂ ਖਾਸ ਸੇਵਾਵਾਂ ਲਈ ਪਹਿਚਾਣ ਵਜੋਂ ਕੀਤੀ ਜਾਂਦੀ ਹੈ। ਪੈਨ ਦੀ ਵਰਤੋਂ ਟੈਕਸ ਨਾਲ ਸਬੰਧਤ ਕੰਮਾਂ ਲਈ ਕੀਤੀ ਜਾਂਦੀ ਹੈ। ਪਾਸਪੋਰਟ ਦਾ ਮੁੱਖ ਉਦੇਸ਼ ਕਿਸੇ ਵਿਅਕਤੀ ਨੂੰ ਵਿਦੇਸ਼ ਯਾਤਰਾ ਕਰਨ ਦੀ ਇਜਾਜ਼ਤ ਦੇਣਾ ਹੈ। ਵੋਟਰ ਪਹਿਚਾਣ ਪੱਤਰ ਵੋਟਰਾਂ ਨੂੰ ਵੋਟ ਪਾਉਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਵਰਤਿਆ ਜਾਂਦਾ ਹੈ। ਜਾਇਦਾਦ ਦੇ ਦਸਤਾਵੇਜ਼ ਜਾਇਦਾਦ ਦੀ ਮਲਕੀਅਤ ਨੂੰ ਦਰਸਾਉਂਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਦਸਤਾਵੇਜ਼ ਇਕੱਲੇ ਤੌਰ @ਤੇ ਨਾਗਰਿਕਤਾ ਨਾਲ ਜੁੜੇ ਹਰ ਕਾਨੂੰਨੀ ਸਵਾਲ ਦਾ ਜਵਾਬ ਨਹੀਂ ਦੇ ਸਕਦਾ। ਇਹ ਕਾਨੂੰਨ ਦੀ ਇੱਕ ਹਕੀਕਤ ਹੈ। ਇਸ ਨੂੰ ਵਿਵਾਦ ਦਾ ਵਿਸ਼ਾ ਬਣਾਉਣ ਦੀ ਬਜਾਏ ਇੱਕ ਲਗਾਤਾਰ ਜਨਤਕ ਜਾਗਰੂਕਤਾ ਮੁਹਿੰਮ ਰਾਹੀਂ ਲੋਕਾਂ ਨੂੰ ਸਮਝਾਇਆ ਜਾਣਾ ਚਾਹੀਦਾ ਸੀ।

ਪਰ ਅਸਲ ਸਮੱਸਿਆ ਸਿਰਫ਼ ਦਸਤਾਵੇਜ਼ਾਂ ਤੱਕ ਸੀਮਿਤ ਨਹੀਂ ਹੈ। ਇਸ ਤੋਂ ਵੱਡੀ ਗੱਲ ਨਾਗਰਿਕਾਂ ਦਾ ਆਪਣੀਆਂ ਸੰਸਥਾਵਾਂ ਉੱਤੇ ਭਰੋਸਾ ਹੈ। ਚੰਗੇ ਕਾਨੂੰਨ, ਚੰਗੀਆਂ ਪ੍ਰਕਿਰਿਆਵਾਂ ਅਤੇ ਚੰਗੀ ਸੁਰੱਖਿਆ ਲੋਕਤੰਤਰ ਲਈ ਜ਼ਰੂਰੀ ਹਨ। ਜਿੰਨੇ ਜ਼ਿਆਦਾ ਲੋਕ ਉਲਝਣ ਵਿੱਚ ਹੋਣਗੇ, ਉੱਨੀ ਜ਼ਿਆਦਾ ਅਟਕਲਬਾਜ਼ੀ ਹੋਵੇਗੀ ਅਤੇ ਜਿੰਨਾ ਜ਼ਿਆਦਾ ਡਰ ਹੋਵੇਗਾ, ਉੱਨਾ ਹੀ ਲੋਕਤੰਤਰ ਕਮਜ਼ੋਰ ਹੋਵੇਗਾ।

ਇਸ ਦਾ ਹੱਲ ਨਾ ਤਾਂ ਬਿਨਾਂ ਲੋੜ ਦੇ ਡਰ ਪੈਦਾ ਕਰਨਾ ਹੈ ਅਤੇ ਨਾ ਹੀ ਲੋਕਾਂ ਦੀਆਂ ਜਾਇਜ਼ ਚਿੰਤਾਵਾਂ ਨੂੰ ਘੱਟ ਸਮਝਣਾ। ਇਸ ਦੀ ਬਜਾਏ ਭਾਰਤ ਵਿੱਚ ਕਾਨੂੰਨੀ ਜਾਣਕਾਰੀ ਅਤੇ ਜਾਗਰੂਕਤਾ ਵਧਾਉਣ ਦੀ ਲੋੜ ਹੈ। ਹਰ ਸਰਕਾਰੀ ਦਸਤਾਵੇਜ਼ ਦਾ ਨਾਗਰਿਕ ਲਈ ਇੱਕ ਸਪਸ਼ਟ ਅਰਥ ਹੋਣਾ ਚਾਹੀਦਾ ਹੈ ਅਤੇ ਉਸ ਦਾ ਅਰਥ ਵੱਖ-ਵੱਖ ਥਾਵਾਂ @ਤੇ ਵੱਖਰਾ ਨਹੀਂ ਹੋਣਾ ਚਾਹੀਦਾ। ਕੁਝ ਮਾਮਲਿਆਂ ਵਿੱਚ ਵਾਧੂ ਸਬੂਤ ਦੀ ਲੋੜ ਹੋ ਸਕਦੀ ਹੈ। ਪਰ ਸਰਕਾਰਾਂ ਨੂੰ ਕਾਨੂੰਨੀ ਭਾਸ਼ਾ ਦੀ ਬਜਾਏ ਆਮ ਅਤੇ ਸਧਾਰਨ ਭਾਸ਼ਾ ਵਿੱਚ ਲੋਕਾਂ ਨਾਲ ਗੱਲ ਕਰਨੀ ਚਾਹੀਦੀ ਹੈ। ਪ੍ਰਸ਼ਾਸਨਿਕ ਸੰਸਥਾਵਾਂ ਨੂੰ ਸੱਚੇ ਨਾਗਰਿਕਾਂ ਦੀ ਜਾਂਚ ਕਰਦੇ ਸਮੇਂ ਉਨ੍ਹਾਂ ਨਾਲ ਸਤਿਕਾਰ, ਧੀਰਜ ਅਤੇ ਨਿਰਪੱਖਤਾ ਨਾਲ ਪੇਸ਼ ਆਉਣਾ ਚਾਹੀਦਾ ਹੈ।

ਸਕੂਲਾਂ ਦੀ ਵੀ ਇਸ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਹੈ। ਬੱਚਿਆਂ ਨੂੰ ਬੁਨਿਆਦੀ ਸੰਵਿਧਾਨਕ ਅਤੇ ਨਾਗਰਿਕ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ, ਤਾਂ ਜੋ ਉਹ ਨਾਗਰਿਕਤਾ, ਪਹਿਚਾਣ, ਵੋਟ ਦੇ ਅਧਿਕਾਰ ਅਤੇ ਕਾਨੂੰਨੀ ਦਸਤਾਵੇਜ਼ਾਂ ਦੀ ਮਹੱਤਤਾ ਨੂੰ ਸਮਝ ਸਕਣ। ਜਿੰਨਾ ਜ਼ਿਆਦਾ ਜਾਣਕਾਰ ਨਾਗਰਿਕ ਹੋਵੇਗਾ, ਉੱਨਾ ਹੀ ਘੱਟ ਉਹ ਅਫਵਾਹਾਂ ਅਤੇ ਗਲਤ ਜਾਣਕਾਰੀ ਦਾ ਸ਼ਿਕਾਰ ਹੋਵੇਗਾ।

ਹਾਲਾਂਕਿ ਨਾਗਰਿਕਾਂ ਦੀਆਂ ਵੀ ਆਪਣੀਆਂ ਜ਼ਿੰਮੇਵਾਰੀਆਂ ਹਨ। ਮਹੱਤਵਪੂਰਨ ਦਸਤਾਵੇਜ਼ਾਂ ਨੂੰ ਸੰਭਾਲ ਕੇ ਰੱਖਣ ਦੀ ਲੋੜ ਹੈ। ਜਨਮ ਰਜਿਸਟ੍ਰੇਸ਼ਨ ਨੂੰ ਹਰ ਵਿਅਕਤੀ ਲਈ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪਰਿਵਾਰ ਦੇ ਮਹੱਤਵਪੂਰਨ ਰਿਕਾਰਡ ਸੰਭਾਲ ਕੇ ਰੱਖੇ ਜਾਣੇ ਚਾਹੀਦੇ ਹਨ। ਦਸਤਾਵੇਜ਼ਾਂ ਦੀਆਂ ਡਿਜ਼ਿਟਲ ਕਾਪੀਆਂ ਸੁਰੱਖਿਅਤ ਥਾਂ @ਤੇ ਰੱਖਣੀਆਂ ਚਾਹੀਦੀਆਂ ਹਨ। ਇਹ ਛੋਟੇ-ਛੋਟੇ ਕਦਮ ਆਉਣ ਵਾਲੀਆਂ ਪੀੜ੍ਹੀਆਂ ਲਈ ਭਵਿੱਖ ਦੀਆਂ ਕਈ ਮੁਸ਼ਕਲਾਂ ਨੂੰ ਘਟਾ ਸਕਦੇ ਹਨ।

ਅੰਤ ਵਿੱਚ, ਨਾਗਰਿਕਤਾ ਸਿਰਫ਼ ਵਿਅਕਤੀ ਅਤੇ ਰਾਜ ਦੇ ਵਿਚਕਾਰ ਇੱਕ ਕਾਨੂੰਨੀ ਰਿਸ਼ਤਾ ਨਹੀਂ ਹੈ। ਇਹ ਇਤਿਹਾਸ, ਮੁੱਲਾਂ ਅਤੇ ਸੰਵਿਧਾਨ ਦੇ ਅਧੀਨ ਸਾਂਝੀ ਜ਼ਿੰਮੇਵਾਰੀ ਰਾਹੀਂ ਬਣਿਆ ਇੱਕ ਕੁਦਰਤੀ ਅਤੇ ਗਹਿਰਾ ਨਾਤਾ ਵੀ ਹੈ। ਹਰ ਭਾਰਤੀ ਆਪਣੇ ਕੰਮ, ਟੈਕਸਾਂ, ਸਿੱਖਿਆ, ਸੇਵਾ, ਨਵੀਂ ਸੋਚ, ਨਵੀਆਂ ਖੋਜਾਂ ਅਤੇ ਕਾਨੂੰਨ ਦਾ ਸਤਿਕਾਰ ਕਰਨ ਰਾਹੀਂ ਦੇਸ਼ ਬਣਾਉਣ ਦੀ ਪ੍ਰਕਿਰਿਆ ਵਿੱਚ ਹਿੱਸਾ ਪਾਉਂਦਾ ਹੈ। ਅਜਿਹੇ ਨਾਗਰਿਕ ਕਾਨੂੰਨੀ ਅਤੇ ਮਾਨਸਿਕ ਸੁਰੱਖਿਆ ਦੇ ਹੱਕਦਾਰ ਹਨ।

ਭਾਰਤ ਦੀ ਤਾਕਤ ਹਮੇਸ਼ਾ ਉਸ ਦਾ ਲੋਕਤੰਤਰਿਕ ਸੁਭਾਅ ਰਿਹਾ ਹੈ, ਜਿਸ ਦੀ ਨੀਂਹ ਉਸ ਦੇ ਲੋਕਾਂ ਦੇ ਭਰੋਸੇ ਉੱਤੇ ਟਿਕੀ ਹੋਈ ਹੈ। ਕਾਨੂੰਨ ਜ਼ਰੂਰੀ ਹਨ। ਦਸਤਾਵੇਜ਼ ਜ਼ਰੂਰੀ ਹਨ। ਜਾਂਚ ਦੀ ਵੀ ਆਪਣੀ ਮਹੱਤਤਾ ਹੈ। ਪਰ ਇਸ ਦੇ ਨਾਲ ਇਹ ਭਰੋਸਾ ਵੀ ਉਤਨਾ ਹੀ ਮਹੱਤਵਪੂਰਨ ਹੈ ਕਿ ਹਰ ਸੱਚਾ ਨਾਗਰਿਕ ਬਿਨਾਂ ਇਸ ਡਰ ਦੇ ਰਹਿ ਸਕੇ ਕਿ ਕਿਸੇ ਦਿਨ ਉਸ ਦੀ ਨਾਗਰਿਕਤਾ ਉੱਤੇ ਸਵਾਲ ਖੜ੍ਹਾ ਹੋ ਸਕਦਾ ਹੈ।

ਹਾਲ ਹੀ ਵਿੱਚ ਸ਼ੁਰੂ ਹੋਈ ਇਹ ਚਰਚਾ ਟਕਰਾਅ ਦਾ ਕਾਰਨ ਬਣਨ ਦੀ ਬਜਾਏ ਪ੍ਰਸ਼ਾਸਨਿਕ ਸੁਧਾਰ ਅਤੇ ਜਨਤਕ ਸਿੱਖਿਆ ਦਾ ਮੌਕਾ ਬਣਨੀ ਚਾਹੀਦੀ ਹੈ। ਸਪਸ਼ਟ ਕਾਨੂੰਨਾਂ, ਪਾਰਦਰਸ਼ੀ ਪ੍ਰਕਿਰਿਆਵਾਂ, ਪ੍ਰਭਾਵਸ਼ਾਲੀ ਸੰਚਾਰ ਅਤੇ ਮਨੁੱਖੀ ਢੰਗ ਨਾਲ ਲਾਗੂ ਕਰਨ ਰਾਹੀਂ ਉਲਝਣ ਅਤੇ ਬੇਲੋੜੇ ਡਰ ਤੋਂ ਬਚਿਆ ਜਾ ਸਕਦਾ ਹੈ ਅਤੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ।ਸ਼ਾਸਨ ਦੀ ਭੂਮਿਕਾ ਸਿਰਫ਼ ਲੋਕਾਂ ਨੂੰ ਪਹਿਚਾਣ ਦੇਣ ਵਾਲੇ ਦਸਤਾਵੇਜ਼ ਮੁਹੱਈਆ ਕਰਵਾਉਣਾ ਨਹੀਂ ਹੈ। ਇਸ ਦੀ ਭੂਮਿਕਾ ਭਰੋਸਾ ਪੈਦਾ ਕਰਨਾ ਵੀ ਹੈ।ਇੱਕ ਅਸਲ ਵਿੱਚ ਮਜ਼ਬੂਤ ਲੋਕਤੰਤਰ ਉਹ ਹੁੰਦਾ ਹੈ ਜਿਸ ਵਿੱਚ ਹਰ ਨਾਗਰਿਕ ਮਾਣ ਅਤੇ ਬਿਨਾਂ ਕਿਸੇ ਝਿਜਕ ਦੇ ਕਹਿ ਸਕੇ: ਮੇਰਾ ਦੇਸ਼ ਮੈਨੂੰ ਜਾਣਦਾ ਹੈ, ਮੇਰਾ ਸੰਵਿਧਾਨ ਮੇਰੀ ਰੱਖਿਆ ਕਰਦਾ ਹੈ ਅਤੇ ਮੇਰੀ ਨਾਗਰਿਕਤਾ ਸੁਰੱਖਿਅਤ ਹੈ। ਇਹ ਭਰੋਸਾ ਸਿਰਫ਼ ਇੱਕ ਕਾਨੂੰਨੀ ਜ਼ਿੰਮੇਵਾਰੀ ਨਹੀਂ ਹੈ। ਇਹ ਭਾਰਤ ਦੀ ਏਕਤਾ, ਲੋਕਤੰਤਰ ਅਤੇ ਆਤਮ-ਵਿਸ਼ਵਾਸ ਦੀ ਨੀਂਹ ਹੈ।



# ਪਿੰਡ ਦਰਵਾਜ਼ਾ - ਪੰਜਾਬੀ ਜੀਵਨ ਅਤੇ ਵਿਰਸੇ ਦੀ ਮਿੰਨੀ ਪਾਰਲੀਮੈਂਟ

**ਪਿਆਰਾ ਸਿੰਘ ਗੁਰਨੇ ਕਲਾਂ**
**ਮੋਬਾਈਲ - 99 15621188**

ਪੰਜਾਬ ਦੇ ਪਿੰਡਾਂ ਦੀ ਪਹਿਚਾਣ ਸਿਰਫ਼ ਖੇਤਾਂ, ਖੂਹਾਂ, ਟਿੱਬਿਆਂ, ਤ੍ਰਿੰਝਣਾਂ, ਤੀਆਂ, ਚਰਖਿਆਂ ਅਤੇ ਸੱਥਾਂ ਨਾਲ ਹੀ ਨਹੀਂ ਬਣਦੀ, ਸਗੋਂ ਪਿੰਡ ਦੇ ਉਸ ਵਿਸ਼ੇਸ਼ ਦਰਵਾਜ਼ੇ ਨਾਲ ਵੀ ਜੁੜੀ ਹੋਈ ਹੈ, ਜਿਹੜਾ ਪਿੰਡ ਵਿੱਚ ਦਾਖ਼ਲੇ ਦਾ ਰਸਤਾ ਹੋਣ ਦੇ ਨਾਲ-ਨਾਲ ਪਿੰਡ ਦੀ ਜ਼ਿੰਦਗੀ ਦਾ ਕੇਂਦਰ ਹੁੰਦਾ ਸੀ। ਪਿੰਡ ਦਰਵਾਜ਼ਾ ਜਾਣੀ ਪਿੰਡ ਦੀ ਐਂਟਰੀ ਦਾ ਵੱਡਾ ਗੇਟ , ਪੰਜਾਬੀ ਲੋਕ-ਜੀਵਨ ਦੀ ਇੱਕ ਅਜਿਹੀ ਵਿਰਾਸਤੀ ਨਿਸ਼ਾਨੀ ਹੈ ਜਿਸ ਵਿੱਚ ਇਤਿਹਾਸ, ਸਮਾਜ, ਸੱਭਿਆਚਾਰ, ਸਾਂਝ ਅਤੇ ਲੋਕ-ਮਨ ਦੀਆਂ ਅਣਗਣਿਤ ਕਹਾਣੀਆਂ ਅਤੇ ਪਰਤਾਂ ਦਾ ਪ੍ਰਵਾਹ ਅਤੇ ਸੰਚਾਰ ਹੁੰਦਾ ਹੈ। ਵਿਦੇਸ਼ੀ ਸੱਭਿਆਚਾਰਾਂ ਵਿੱਚ ਜਿਸ ਥਾਂ ਨੂੰ ਸਕਵੇਅਰ ਕਿਹਾ ਜਾਂਦਾ ਹੈ, ਜਿੱਥੇ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਸਕਦੇ ਹਨ, ਪੰਜਾਬ ਦੇ ਪੁਰਾਣੇ ਪਿੰਡਾਂ ਵਿੱਚ ਉਸ ਦੀ ਆਪਣੀ ਦੇਸੀ ਤਸਵੀਰ ਦਰਵਾਜ਼ਾ ਸੀ। ਇਹ ਕੇਵਲ ਇੱਟਾਂ-ਗਾਰੇ ਦਾ ਬਣਿਆ ਪ੍ਰਵੇਸ਼ ਦੁਆਰ ਨਹੀਂ ਸੀ; ਇਹ ਪਿੰਡ ਦੀ ਧੜਕਣ ਸੀ। ਇੱਥੇ ਲੋਕ ਆਉਂਦੇ-ਜਾਂਦੇ, ਬੈਠਦੇ, ਵਿਚਾਰ ਕਰਦੇ, ਹੱਸਦੇ, ਰੁੱਸਦੇ, ਮਨਾਉਂਦੇ ਅਤੇ ਪਿੰਡ ਦੀਆਂ ਗੱਲਾਂ ਤੋਂ ਲੈ ਕੇ ਦੇਸ਼-ਦੁਨੀਆ ਦੇ ਮਸਲਿਆਂ ਤੱਕ ਆਪਣੀ ਰਾਇ ਦਿੰਦੇ ਸਨ। ਪੁਰਾਤਨ ਸਮਿਆਂ ਵਿੱਚ ਸ਼ਹਿਰਾਂ ਦੀ ਪਹਿਚਾਣ ਵੀ ਅਕਸਰ ਉਨ੍ਹਾਂ ਦੇ ਦਰਵਾਜ਼ਿਆਂ ਨਾਲ ਹੁੰਦੀ ਸੀ। ਦਿੱਲੀ ਦਾ ਦਰਵਾਜ਼ਾ ਹੋਵੇ ਜਾਂ ਮੁੰਬਈ ਦਾ ਦਰਵਾਜ਼ਾ, ਅਜਿਹੇ ਦਰਵਾਜ਼ੇ ਸ਼ਹਿਰ ਦੇ ਇਤਿਹਾਸ ਅਤੇ ਭੂਗੋਲ ਦੀ ਪਹਿਚਾਣ ਬਣੇ ਰਹੇ ਹਨ। ਸ਼ਹਿਰਾਂ ਵਿੱਚ ਕਿਸੇ ਖਾਸ ਪਾਸੇ ਜਾਣ ਵਾਲੇ ਰਸਤੇ ਨੂੰ ਵੀ ਅਕਸਰ ਉਸ ਪਿੰਡ ਜਾਂ ਇਲਾਕੇ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਜਿਸ ਵੱਲ ਉਹ




ਰਸਤਾ ਜਾਂਦਾ ਸੀ। ਇਸੇ ਤਰ੍ਹਾਂ ਬੁਢਲਾਡਾ ਮੰਡੀ ਵਿੱਚ ਗੁਰਨਿਆਂ ਵਾਲਾ ਦਰਵਾਜ਼ਾ ਅਤੇ ਅਹਿਮਦਪੁਰ ਵਾਲਾ ਦਰਵਾਜ਼ਾ ਵਰਗੇ ਨਾਮ ਸਥਾਨਕ ਭੂਗੋਲ ਅਤੇ ਲੋਕ ਯਾਦਦਾਸ਼ਤ ਦੇ ਜਿਉਂਦੇ ਜਾਗਦੇ ਦਸਤਾਵੇਜ਼ ਹਨ।

ਪਰ ਪਿੰਡ ਦਾ ਦਰਵਾਜ਼ਾ ਇਸ ਤੋਂ ਵੀ ਵੱਡੀ ਸੰਸਥਾ ਸੀ। ਇਹ ਪਿੰਡ ਦੀ ਸਭ ਤੋਂ ਵੱਡੀ ਸੱਥ ਹੁੰਦੀ ਸੀ। ਇੱਥੇ ਪੰਚਾਇਤ ਘਰ, ਪਟਵਾਰਖਾਨੇ ਅਤੇ ਡਿਸਪੈਂਸਰੀ ਆਦਿ ਲਈ ਕਮਰੇ ਵੀ ਬਣੇ ਹੁੰਦੇ ਸਨ। ਸਰਕਾਰੀ ਕੰਮਕਾਜ ਅਤੇ ਲੋਕਾਂ ਦੇ ਸਾਂਝੇ ਮਸਲਿਆਂ ਦਾ ਨਿਬੇੜਾ ਵੀ ਇਸੇ ਥਾਂ ਹੁੰਦਾ ਸੀ। ਤਹਿਸੀਲਦਾਰ ਪਿੰਡ ਦੇ ਇੰਤਕਾਲਾਂ ਨਾਲ ਸਬੰਧਤ ਕੰਮ ਕਰਨ ਲਈ ਆਉਂਦਾ ਤਾਂ ਲੋਕਾਂ ਦੀ ਮੌਜੂਦਗੀ ਵਿੱਚ ਹੀ ਕਾਰਵਾਈ ਹੁੰਦੀ। ਇਸ ਤਰ੍ਹਾਂ ਦਰਵਾਜ਼ਾ ਪ੍ਰਸ਼ਾਸਨ ਅਤੇ ਆਮ ਲੋਕਾਂ ਵਿਚਕਾਰ ਇੱਕ ਪਾਰਦਰਸ਼ੀ ਪੁਲ ਦਾ ਕੰਮ ਕਰਦਾ ਸੀ।

ਪਿੰਡ ਦੀ ਸਮਾਜਕ ਜ਼ਿੰਦਗੀ ਦਾ ਵੀ ਇਹੀ ਕੇਂਦਰ ਸੀ। ਬਾਜ਼ੀ ਪੈਣੀ, ਮੱਲਾਂ ਦੇ ਘੋਲ ਹੋਣੇ, ਲੋਕ-ਖੇਡਾਂ ਖੇਡੀਆਂ ਜਾਣੀਆਂ ਅਤੇ ਨਾਟਕ-ਡਰਾਮੇ ਹੋਣੇ , ਇਹ ਸਭ ਦਰਵਾਜ਼ੇ ਦੀ ਰੌਣਕ ਵਧਾਉਂਦੇ ਸਨ। ਜਦੋਂ ਕਿਸੇ ਚਰਚਿਤ ਫ਼ਿਲਮ ਨੂੰ ਪਰਦੇ ਉੱਤੇ ਦਿਖਾਉਣ ਦਾ ਮੌਕਾ ਮਿਲਦਾ, ਤਾਂ ਪਿੰਡ ਦੇ ਲੋਕ ਪਰਿਵਾਰਾਂ ਸਮੇਤ ਇਸੇ ਸਾਂਝੀ ਥਾਂ ਉੱਤੇ ਇਕੱਠੇ ਹੋ ਜਾਂਦੇ। ਉਹ ਸਮਾਂ ਮਨੋਰੰਜਨ ਨਾਲੋਂ ਵੱਧ ਸਾਂਝ ਦਾ ਸਮਾਂ ਹੁੰਦਾ ਸੀ। ਇੱਕੋ ਪਰਦੇ ਉੱਤੇ ਫ਼ਿਲਮ ਦੇਖਦਿਆਂ ਪੂਰਾ ਪਿੰਡ ਇੱਕ ਪਰਿਵਾਰ ਬਣ ਜਾਂਦਾ ਸੀ ਅਤੇ ਭਾਈਚਾਰਕ ਸਾਂਝ ਦੀਆਂ ਨਵੀਆਂ ਕੰਧਾਂ ਉਸਰ ਦੀਆਂ ਸਨ।

ਪਿੰਡ ਦਰਵਾਜ਼ੇ ਪਿੰਡ ਦੀ ਮਿੰਨੀ ਪਾਰਲੀਮੈਂਟ ਹੁੰਦੇ ਸਨ। ਇੱਥੇ ਕੋਈ ਸੰਵਿਧਾਨ ਨਹੀਂ ਸੀ, ਪਰ ਲੋਕਤੰਤਰ ਦੀ ਰੂਹ ਜ਼ਰੂਰ ਸੀ। ਕੋਈ ਰਸਮੀ ਮੰਚ ਨਹੀਂ ਸੀ, ਪਰ ਹਰ ਬੰਦੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਸੀ। ਕੋਈ ਸਰਕਾਰੀ ਮਾਈਕ ਨਹੀਂ ਸੀ, ਪਰ ਆਵਾਜ਼ ਹਰ ਪਾਸੇ ਪਹੁੰਚਦੀ ਸੀ। ਇੱਥੇ ਪਿੰਡ ਦੀ ਰਾਜਨੀਤੀ ਤੋਂ ਲੈ ਕੇ ਦੇਸ਼ ਦੀ ਰਾਜਨੀਤੀ ਦੀ ਡੂੰਘੀ ਚੀਰ ਫੜ ਹੁੰਦੀ ਸੀ। ਇੱਥੇ ਚੰਗੇ ਕਿਰਦਾਰਾਂ ਨੂੰ ਸਲਾਹਿਆ ਜਾਂਦਾ ਸੀ ਅਤੇ ਮਾੜੇ ਕਿਰਦਾਰਾਂ ਦੀ ਕਿਰਦਾਰਕੁਸ਼ੀ ਕੀਤੀ ਜਾਂਦੀ ਸੀ। ਇਸ ਕਰਕੇ ਮਾੜੇ ਬੰਦੇ ਪਿੰਡ ਦੇ ਧਰਾਤਲ ਤੋਂ ਮਨਫ਼ੀ ਹੁੰਦੇ ਸਨ।ਅੱਜ ਵੀ ਕਈ ਪਿੰਡਾਂ ਦੇ ਦਰਵਾਜ਼ਿਆਂ ਕੋਲ ਲੋਕਾਂ ਦੀਆਂ ਟੋਲੀਆਂ ਬੈਠੀਆਂ ਮਿਲ ਜਾਂਦੀਆਂ ਹਨ। ਕਿਤੇ ਤਾਸ਼ ਦੀ ਬਾਜ਼ੀ ਲੱਗੀ ਹੁੰਦੀ ਹੈ, ਕਿਤੇ ਹੁੱਕੇ ਦੀ ਗੁੜਗੁੜਾਹਟ ਹੁੰਦੀ ਹੈ ਅਤੇ ਕਿਤੇ ਚਾਹ ਦੇ ਕੱਪਾਂ ਨਾਲ ਗੱਲਾਂ ਦਾ ਦੌਰ ਚੱਲ ਰਿਹਾ ਹੁੰਦਾ ਹੈ। ਗੱਲ ਪਿੰਡ ਦੀ ਰਾਜਨੀਤੀ ਤੋਂ ਸ਼ੁਰੂ ਹੋ ਕੇ ਜ਼ਿਲ੍ਹੇ, ਪੰਜਾਬ, ਦਿੱਲੀ ਅਤੇ ਦੇਸ਼ ਦੀ ਰਾਜਨੀਤੀ ਤੱਕ ਪਹੁੰਚ ਜਾਂਦੀ ਹੈ। ਕਿਸੇ ਦੀ ਫ਼ਸਲ, ਕਿਸੇ ਦੀ ਨੌਕਰੀ, ਕਿਸੇ ਦੇ ਮੁੰਡੇ ਦਾ ਵਿਆਹ, ਕਿਸੇ ਦੀ ਕੁੜੀ ਦੀ ਪੜ੍ਹਾਈ , ਕੋਈ ਵਿਸ਼ਾ ਇਸ ਲੋਕ ਦਰਬਾਰ ਤੋਂ ਬਾਹਰ ਨਹੀਂ ਰਹਿੰਦਾ।

ਪਿੰਡ ਦੀ ਲੋਕ-ਬੋਲੀ ਦਾ ਆਪਣਾ ਰੰਗ ਹੈ। ਦਰਵਾਜ਼ੇ ਉੱਤੇ ਬੈਠੀ ਸੰਗਤ ਸਿਰਫ਼ ਰਾਜਨੀਤੀ ਨਹੀਂ ਕਰਦੀ; ਪਿੰਡ ਦੇ ਬੰਦਿਆਂ ਅਤੇ ਬੁੜੀਆਂ ਦੇ ਆਚਰਣ ਦੀ ਵੀ ਚੀਰ-ਫਾੜ ਹੁੰਦੀ ਹੈ। ਕਿਸੇ ਦੀ ਚੰਗੀ ਗੱਲ ਦੀ ਸਿਫ਼ਤ, ਕਿਸੇ ਦੀ ਕਮੀ ਉੱਤੇ ਹਾਸਾ ਅਤੇ ਕਿਸੇ ਦੀ ਕਰਤੂਤ ਉੱਤੇ ਚੁਟਕੀ , ਇਹ ਸਭ ਪੰਜਾਬੀ ਲੋਕ-ਸੱਭਿਆਚਾਰ ਦੀ ਮੌਖਿਕ ਪਰੰਪਰਾ ਦਾ ਹਿੱਸਾ ਹਨ। ਇਨ੍ਹਾਂ ਗੱਲਾਂ ਵਿੱਚ ਕਈ ਵਾਰ ਤਿੱਖਾਪਣ ਵੀ ਹੁੰਦਾ ਹੈ, ਪਰ ਅਕਸਰ ਇਹੀ ਹਾਸਾ-ਮਜ਼ਾਕ ਅਤੇ ਖੁੱਲ੍ਹੀ ਗੱਲਬਾਤ ਮਨ ਦਾ ਭਾਰ ਹੌਲਾ ਕਰ ਦਿੰਦੀ ਹੈ।ਪਿੰਡ ਦਰਵਾਜ਼ਾ ਅਸਲ ਵਿੱਚ ਇੱਕ ਸਮਾਜਕ ਮਨੋਵਿਗਿਆਨ ਦਾ ਕੇਂਦਰ ਵੀ ਸੀ। ਇੱਥੇ ਇਕੱਲਾਪਣ ਘੱਟ ਹੁੰਦਾ ਸੀ। ਬੰਦਾ ਆਪਣਾ ਦੁੱਖ ਕਿਸੇ ਨਾ ਕਿਸੇ ਨਾਲ ਸਾਂਝਾ ਕਰ ਲੈਂਦਾ, ਆਪਣੀ ਖੁਸ਼ੀ ਦੂਜਿਆਂ ਨਾਲ ਵੰਡ ਲੈਂਦਾ ਅਤੇ ਆਪਣੀ ਉਲਝਣ ਲਈ ਕਿਸੇ ਬਜ਼ੁਰਗ ਤੋਂ ਸਲਾਹ ਲੈ ਲੈਂਦਾ। ਦਰਵਾਜ਼ਾ ਲੋਕਾਂ ਨੂੰ ਇੱਕ-ਦੂਜੇ ਨਾਲ ਜੋੜਦਾ ਸੀ। ਇਹ ਰਿਸ਼ਤਿਆਂ ਦੀ ਉਹ ਥਾਂ ਸੀ ਜਿੱਥੇ ਸਮਾਜ ਕਿਤਾਬਾਂ ਵਿੱਚ ਨਹੀਂ, ਜੀਵਨ ਵਿੱਚ ਪੜ੍ਹਿਆ ਜਾਂਦਾ ਸੀ।

ਅੱਜ ਦੇ ਸਮੇਂ ਵਿੱਚ ਪਿੰਡਾਂ ਦੀ ਜੀਵਨ-ਸ਼ੈਲੀ ਤੇਜ਼ੀ ਨਾਲ ਬਦਲ ਰਹੀ ਹੈ। ਮੋਬਾਈਲ ਫੋਨ, ਟੈਲੀਵਿਜ਼ਨ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਉਹ ਸਾਂਝੀਆਂ ਥਾਵਾਂ ਹੌਲੀ-ਹੌਲੀ ਸੁੰਨੀਆਂ ਕਰ ਦਿੱਤੀਆਂ ਹਨ। ਹੁਣ ਲੋਕ ਇੱਕੋ ਥਾਂ ਬੈਠ ਕੇ ਵੀ ਆਪਣੇ-ਆਪਣੇ ਮੋਬਾਈਲਾਂ ਵਿੱਚ ਰੁੱਝੇ ਰਹਿੰਦੇ ਹਨ। ਉਹ ਸਾਂਝੀ ਗੱਲਬਾਤ, ਜਿਸ ਵਿੱਚ ਇੱਕ ਪਿੰਡ ਦੀ ਧੜਕਣ ਸੁਣਾਈ ਦਿੰਦੀ ਸੀ, ਘਟਦੀ ਜਾ ਰਹੀ ਹੈ।ਇਸ ਲਈ ਪਿੰਡ ਦਰਵਾਜ਼ੇ ਨੂੰ ਸਿਰਫ਼ ਇੱਕ ਪੁਰਾਣੀ ਇਮਾਰਤ ਸਮਝ ਕੇ ਛੱਡ ਦੇਣਾ ਸਾਡੀ ਸੱਭਿਆਚਾਰਕ ਯਾਦ ਨਾਲ ਬੇਇਨਸਾਫ਼ੀ ਹੋਵੇਗੀ। ਇਹ ਸਾਡੀ ਸਮਾਜਕ ਵਿਰਾਸਤ, ਲੋਕਤੰਤਰਕ ਪਰੰਪਰਾ ਅਤੇ ਸਾਂਝੇ ਜੀਵਨ ਦਾ ਜਿਉਂਦਾ ਜਾਗਦਾ ਸਮਾਰਕ ਹੈ। ਇਸ ਦੀਆਂ ਕੰਧਾਂ ਵਿੱਚ ਸਰਕਾਰੀ ਕਾਗਜ਼ਾਂ ਨਾਲੋਂ ਵੱਧ ਲੋਕਾਂ ਦੀਆਂ ਯਾਦਾਂ ਹਨ; ਇਸ ਦੀ ਮਿੱਟੀ ਵਿੱਚ ਖੇਡਾਂ ਦੀਆਂ ਆਵਾਜ਼ਾਂ, ਹਾਸਿਆਂ ਦੀ ਗੂੰਜ, ਪੰਚਾਇਤਾਂ ਦੇ ਫ਼ੈਸਲੇ, ਬਜ਼ੁਰਗਾਂ ਦੀਆਂ ਸਲਾਹਾਂ ਅਤੇ ਪੀੜ੍ਹੀਆਂ ਦੀਆਂ ਕਹਾਣੀਆਂ ਦੱਬੀਆਂ ਪਈਆਂ ਹਨ।

ਸੋ ਆਓ ਵਿਰਾਸਤ ਅਤੇ ਪੰਜਾਬੀ ਜੀਵਨ ਦੀ ਝਲਕ ਪਿੰਡ ਦੇ ਦਰਵਾਜ਼ਿਆਂ ਨੂੰ ਸਾਂਭ ਕੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਮਜਬੂਤੀ ਬਖਸ਼ੀਏ।


















# ਵਾਤਾਵਰਣ ਦੀ ਖਾਮੋਸ਼ ਪੁਕਾਰ



ਕੁਦਰਤ ਕਦੇ ਸ਼ਿਕਾਇਤ ਨਹੀਂ ਕਰਦੀ, ਪਰ ਜਦੋਂ ਉਹ ਚੁੱਪ ਹੋ ਜਾਂਦੀ ਹੈ ਤਾਂ ਉਸ ਦੀ ਖਾਮੋਸ਼ੀ ਹੀ ਸਭ ਤੋਂ ਵੱਡੀ ਚੇਤਾਵਨੀ ਬਣ ਜਾਂਦੀ ਹੈ। ਇੱਕ ਸਮਾਂ ਸੀ ਜਦੋਂ ਸਵੇਰ ਦਾ ਸੂਰਜ ਉਮੀਦ ਲੈ ਕੇ ਚੜ੍ਹਦਾ ਸੀ, ਹਵਾ ਵਿੱਚ ਤਾਜ਼ਗੀ ਹੁੰਦੀ ਸੀ, ਦਰੱਖਤਾਂ ਦੀ ਛਾਂ ਮਨ ਨੂੰ ਠੰਢਕ ਦਿੰਦੀ ਸੀ ਅਤੇ ਪੰਛੀਆਂ ਦੀ ਚਹਿਕ ਕੁਦਰਤ ਦਾ ਮਿੱਠਾ ਸੰਗੀਤ ਲੱਗਦੀ ਸੀ। ਅੱਜ ਉਹੀ ਸਵੇਰ ਧੂੰਏਂ ਦੀ ਚਾਦਰ ਵਿੱਚ ਲਿਪਟੀ ਨਜ਼ਰ ਆਉਂਦੀ ਹੈ। ਹਵਾ ਭਾਰੀ ਹੈ, ਦਰਿਆ ਪ੍ਰਦੂਸ਼ਿਤ ਹਨ ਅਤੇ ਧਰਤੀ ਦਾ ਹਰਿਆ ਭਰਿਆ ਰੂਪ ਹੌਲੀ-ਹੌਲੀ ਫਿੱਕਾ ਪੈਂਦਾ ਜਾ ਰਿਹਾ ਹੈ। ਇਹ ਸਿਰਫ਼ ਕੁਦਰਤ ਦੀ ਨਹੀਂ, ਸਾਡੀ ਆਪਣੀ ਕਹਾਣੀ ਵੀ ਹੈ।

ਮਨੁੱਖ ਨੇ ਵਿਕਾਸ ਦੇ ਨਾਮ ’ਤੇ ਉੱਚੀਆਂ ਇਮਾਰਤਾਂ ਤਾਂ ਖੜ੍ਹੀਆਂ ਕਰ ਲਈਆਂ, ਪਰ ਉਸ ਵਿਕਾਸ ਦੀ ਕੀਮਤ ਜੰਗਲਾਂ, ਦਰਿਆਵਾਂ ਅਤੇ ਸਾਫ਼ ਹਵਾ ਨੇ ਚੁਕਾਈ। ਇੱਕ ਦਰੱਖਤ ਨੂੰ ਵੱਡਾ ਹੋਣ ਵਿੱਚ ਸਾਲ ਲੱਗਦੇ ਹਨ, ਪਰ ਉਸ ਨੂੰ ਕੱਟਣ ਵਿੱਚ ਕੁਝ ਮਿੰਟ ਹੀ ਲੱਗਦੇ ਹਨ। ਅਸੀਂ ਇਹ ਭੁੱਲ ਗਏ ਕਿ ਜਿਹੜਾ ਰੁੱਖ ਸਾਨੂੰ ਸਾਹ ਦਿੰਦਾ ਹੈ, ਉਸ ਨੂੰ ਕੱਟ ਕੇ ਅਸੀਂ ਆਪਣੇ ਹੀ ਭਵਿੱਖ ਨੂੰ ਕਮਜ਼ੋਰ ਕਰ ਰਹੇ ਹਾਂ।

ਅੱਜ ਧਰਤੀ ਦਾ ਬਦਲਦਾ ਮੌਸਮ ਸਾਨੂੰ ਵਾਰ-ਵਾਰ ਸੋਚਣ ਲਈ ਮਜਬੂਰ ਕਰ ਰਿਹਾ ਹੈ। ਕਿਤੇ ਅਸਹਿਣਯੋਗ ਗਰਮੀ, ਕਿਤੇ ਅਚਾਨਕ ਹੜ੍ਹ, ਕਿਤੇ ਭਿਆਨਕ ਜੰਗਲੀ ਅੱਗ ਅਤੇ ਕਿਤੇ ਲੰਬੇ ਸਮੇਂ ਤੱਕ ਸੋਕਾ। ਕੁਦਰਤ ਬਦਲਾ ਨਹੀਂ ਲੈਂਦੀ, ਉਹ ਸਿਰਫ਼ ਸਾਡੇ ਕਰਮਾਂ ਦਾ ਨਤੀਜਾ ਸਾਡੇ ਸਾਹਮਣੇ ਰੱਖ ਦਿੰਦੀ ਹੈ।

ਵਾਤਾਵਰਣ ਸਾਹਮਣੇ ਖੜ੍ਹੀਆਂ ਸਭ ਤੋਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਗਲੋਬਲ ਵਾਰਮਿੰਗ, ਅਰਥਾਤ ਵਿਸ਼ਵ ਤਾਪਮਾਨ ਵਿੱਚ ਵਾਧਾ ਹੈ।

ਫੈਕਟਰੀਆਂ ਅਤੇ ਵਾਹਨਾਂ ਤੋਂ ਨਿਕਲਣ ਵਾਲਾ ਧੂੰਆਂ, ਕੋਲੇ ਅਤੇ ਤੇਲ ਦੀ ਵੱਧ ਵਰਤੋਂ ਅਤੇ ਲਗਾਤਾਰ ਕੱਟੇ ਜਾ ਰਹੇ ਦਰੱਖਤ ਇਸ ਸਮੱਸਿਆ ਨੂੰ ਹੋਰ ਵਧਾ ਰਹੇ ਹਨ। ਇਨ੍ਹਾਂ ਕਾਰਨਾਂ ਕਰਕੇ ਹਵਾ ਵਿੱਚ ਅਜਿਹੀਆਂ ਗੈਸਾਂ ਦੀ ਮਾਤਰਾ ਵਧ ਰਹੀ ਹੈ ਜੋ ਧਰਤੀ ਦੀ ਗਰਮੀ ਨੂੰ ਬਾਹਰ ਜਾਣ ਤੋਂ ਰੋਕਦੀਆਂ ਹਨ। ਵਧਦੀ ਗਰਮੀ, ਲੰਬੀਆਂ ਗਰਮੀ ਦੀਆਂ ਲਹਿਰਾਂ, ਕਿਤੇ ਬਹੁਤ ਜ਼ਿਆਦਾ ਮੀਂਹ ਅਤੇ ਕਿਤੇ ਲੰਬੇ ਸਮੇਂ ਤੱਕ ਸੋਕਾ—ਇਹ ਸਭ ਬਦਲਦੇ ਜਲਵਾਯੂ ਨਾਲ ਜੁੜੀਆਂ ਵੱਡੀਆਂ ਚਿੰਤਾਵਾਂ ਹਨ।ਗਲੋਬਲ ਵਾਰਮਿੰਗ ਦਾ ਅਸਰ ਸਿਰਫ਼ ਮਨੁੱਖਾਂ ਤੱਕ ਹੀ ਸੀਮਤ ਨਹੀਂ ਹੈ। ਪੰਛੀਆਂ, ਜਾਨਵਰਾਂ ਅਤੇ ਹੋਰ ਜੀਵਾਂ ਦੇ ਕੁਦਰਤੀ ਰਹਿਣ-ਸਹਿਣ ਦੇ ਸਥਾਨ ਵੀ ਬਦਲ ਰਹੇ ਹਨ। ਜੰਗਲ ਕੱਟਣ ਅਤੇ ਮੌਸਮ ਬਦਲਣ ਨਾਲ ਕਈ ਜੀਵਾਂ ਲਈ ਆਪਣੀ ਹੋਂਦ ਨੂੰ ਬਚਾਉਣਾ ਔਖਾ ਹੋ ਰਿਹਾ ਹੈ।

ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਕਿਹੋ ਜਿਹੀ ਧਰਤੀ ਸੌਂਪ ਰਹੇ ਹਾਂ ? ਕੀ ਉਹ ਖੁੱਲ੍ਹੇ ਅਸਮਾਨ ਵਿੱਚ ਡੂੰਘਾ ਸਾਹ ਲੈ ਸਕਣਗੇ ? ਕੀ ਉਹਨਾਂ ਨੂੰ ਪੰਛੀਆਂ ਦੀ ਚਹਿਕ ਸੁਣਨ ਨੂੰ ਮਿਲੇਗੀ ? ਜਾਂ ਫਿਰ ਉਹ ਕੁਦਰਤ ਨੂੰ ਸਿਰਫ਼ ਕਿਤਾਬਾਂ ਦੀਆਂ ਤਸਵੀਰਾਂ ਵਿੱਚ ਹੀ ਦੇਖਣਗੇ ? ਇਹ ਸਵਾਲ ਹਰ ਇੱਕ ਇਨਸਾਨ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ।

ਅੱਜ ਧਰਤੀ ਸਾਨੂੰ ਹਰ ਰੋਜ਼ ਕੋਈ ਨਾ ਕੋਈ ਸੰਕੇਤ ਦੇ ਰਹੀ ਹੈ। ਕਦੇ ਤਪਦੀ ਗਰਮੀ ਲੋਕਾਂ ਦਾ ਜਿਉਣਾ ਔਖਾ ਕਰ ਦਿੰਦੀ ਹੈ, ਕਦੇ ਭਾਰੀ ਮੀਂਹ ਸ਼ਹਿਰਾਂ ਨੂੰ ਡੁਬੋ ਦਿੰਦਾ ਹੈ, ਕਦੇ ਜੰਗਲਾਂ ਦੀ ਅੱਗ ਹਜ਼ਾਰਾਂ ਜੀਵਾਂ ਦਾ ਘਰ ਸਾੜ ਦਿੰਦੀ ਹੈ। ਇਹ ਕੁਦਰਤ ਦਾ ਕ੍ਰੋਧ ਨਹੀਂ, ਸਗੋਂ ਸਾਡੀਆਂ ਲਾਪਰਵਾਹੀਆਂ ਦਾ ਨਤੀਜਾ ਹੈ। ਅਸੀਂ ਰੁੱਖ ਕੱਟਦੇ ਗਏ, ਪਲਾਸਟਿਕ ਫੈਲਾਉਂਦੇ ਗਏ, ਦਰਿਆਵਾਂ ਨੂੰ ਗੰਦਾ ਕਰਦੇ ਗਏ ਅਤੇ ਇਹ ਸੋਚਦੇ ਰਹੇ ਕਿ ਇਸ ਦਾ ਕੋਈ ਅਸਰ ਨਹੀਂ ਪਵੇਗਾ। ਪਰ ਕੁਦਰਤ ਦਾ ਹਿਸਾਬ ਹਮੇਸ਼ਾ ਸਹੀ ਹੁੰਦਾ ਹੈ।

ਵਾਤਾਵਰਣ ਦੀ ਰੱਖਿਆ ਕਿਸੇ ਇੱਕ ਸੰਸਥਾ ਜਾਂ ਸਰਕਾਰ ਦੀ ਜ਼ਿੰਮੇਵਾਰੀ ਨਹੀਂ। ਇਹ ਹਰ ਉਸ ਵਿਅਕਤੀ ਦੀ ਜ਼ਿੰਮੇਵਾਰੀ ਹੈ ਜੋ ਇਸ ਧਰਤੀ ’ਤੇ ਸਾਹ ਲੈਂਦਾ ਹੈ। ਜੇ ਹਰ ਪਰਿਵਾਰ ਹਰ ਸਾਲ ਇੱਕ ਰੁੱਖ ਲਗਾਏ, ਪਲਾਸਟਿਕ ਦੀ ਵਰਤੋਂ ਘਟਾਏ, ਪਾਣੀ ਦੀ ਬਚਤ ਕਰੇ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖੇ, ਤਾਂ ਛੋਟੇ-ਛੋਟੇ ਯਤਨ ਮਿਲ ਕੇ ਇੱਕ ਵੱਡੀ ਤਬਦੀਲੀ ਲਿਆ ਸਕਦੇ ਹਨ ।

ਅੱਜ ਦਾ ਬੱਚਾ ਜੇ ਪੰਛੀਆਂ ਦੀਆਂ ਆਵਾਜ਼ਾਂ ਦੀ ਥਾਂ ਮੋਬਾਈਲ ਦੀਆਂ ਧੁਨਾਂ ਸੁਣ ਕੇ ਵੱਡਾ ਹੋਵੇਗਾ, ਤਾਂ ਉਹ ਕੁਦਰਤ ਨਾਲ ਪਿਆਰ ਕਿਵੇਂ ਕਰੇਗਾ ? ਜੇ ਉਸ ਨੂੰ ਰੁੱਖਾਂ ਦੀ ਛਾਂ ਦੀ ਥਾਂ ਸਿਰਫ਼ ਕੰਕਰੀਟ ਦੇ ਜੰਗਲ ਹੀ ਮਿਲਣਗੇ, ਤਾਂ ਉਹ ਹਰਿਆਲੀ ਦੀ ਕੀਮਤ ਕਿਵੇਂ ਸਮਝੇਗਾ ? ਇਸ ਲਈ ਵਾਤਾਵਰਣ ਦੀ ਰੱਖਿਆ ਦੀ ਸ਼ੁਰੂਆਤ ਘਰ ਅਤੇ ਸਕੂਲ ਤੋਂ ਹੋਣੀ ਚਾਹੀਦੀ ਹੈ।ਸਾਨੂੰ ਆਪਣੇ ਬੱਚਿਆਂ ਨੂੰ ਸਿਰਫ਼ ਕਿਤਾਬਾਂ ਦਾ ਗਿਆਨ ਨਹੀਂ, ਸਗੋਂ ਕੁਦਰਤ ਨਾਲ ਪਿਆਰ ਕਰਨਾ ਵੀ ਸਿਖਾਉਣਾ ਹੋਵੇਗਾ। ਜਦੋਂ ਇੱਕ ਬੱਚਾ ਕਿਸੇ ਪੌਦੇ ਨੂੰ ਪਾਣੀ ਦਿੰਦਾ ਹੈ, ਉਹ ਸਿਰਫ਼ ਇੱਕ ਪੌਦਾ ਨਹੀਂ, ਸਗੋਂ ਜ਼ਿੰਮੇਵਾਰੀ, ਸੰਵੇਦਨਸ਼ੀਲਤਾ ਅਤੇ ਜੀਵਨ ਪ੍ਰਤੀ ਸਤਿਕਾਰ ਨੂੰ ਵੀ ਪਾਲਦਾ ਹੈ।

ਧਰਤੀ ਨੂੰ ਸਾਡੀਆਂ ਭਾਸ਼ਣਾਂ ਦੀ ਨਹੀਂ, ਸਾਡੇ ਕਰਮਾਂ ਦੀ ਲੋੜ ਹੈ। ਇੱਕ ਲਗਾਇਆ ਹੋਇਆ ਰੁੱਖ, ਬਚਾਈ ਹੋਈ ਪਾਣੀ ਦੀ ਇੱਕ ਬੂੰਦ ਅਤੇ ਘਟਾਇਆ ਹੋਇਆ ਪਲਾਸਟਿਕ ਦਾ ਇੱਕ ਥੈਲਾ—ਇਹ ਸਾਰੇ ਉਸ ਭਵਿੱਖ ਵਿੱਚ ਨਿਵੇਸ਼ ਹਨ ਜੋ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਣਾ ਚਾਹੁੰਦੇ ਹਾਂ।

ਕੁਦਰਤ ਅਜੇ ਵੀ ਸਾਨੂੰ ਮੌਕਾ ਦੇ ਰਹੀ ਹੈ। ਅਜੇ ਵੀ ਪੰਛੀ ਚਹਿਕਦੇ ਹਨ, ਦਰਿਆ ਵਗਦੇ ਹਨ ਅਤੇ ਬੱਦਲ ਵਰ੍ਹਦੇ ਹਨ। ਪਰ ਇਹ ਮੌਕਾ ਹਮੇਸ਼ਾ ਨਹੀਂ ਰਹੇਗਾ। ਜੇ ਅਸੀਂ ਅੱਜ ਵੀ ਨਾ ਜਾਗੇ, ਤਾਂ ਸ਼ਾਇਦ ਇੱਕ ਦਿਨ ਸਾਡੇ ਬੱਚੇ ਸਾਡੇ ਤੋਂ ਪੁੱਛਣਗੇ— ਜਦੋਂ ਧਰਤੀ ਮਦਦ ਮੰਗ ਰਹੀ ਸੀ, ਉਦੋਂ ਤੁਸੀਂ ਕੀ ਕਰ ਰਹੇ ਸੀ ?

ਆਓ, ਅਸੀਂ ਇਹ ਵਾਅਦਾ ਕਰੀਏ ਕਿ ਵਿਕਾਸ ਅਤੇ ਕੁਦਰਤ ਨੂੰ ਇੱਕ-ਦੂਜੇ ਦਾ ਵਿਰੋਧੀ ਨਹੀਂ, ਸਗੋਂ ਸਾਥੀ ਬਣਾਈਏ।

**ਕੰਵਲ ਪੁਨੀਤ ਕੌਰ**
306-580-1860
**Regina, Saskatchewan**

# ਸਰਕਾਰਾਂ ਹਕੂਮਤ ਕਰਦੀਆਂ ਹਨ ਰਾਜ ਪ੍ਰਬੰਧ ਨਹੀ, ਗੈਰਮਨੁੱਖੀ ਘਟਨਾਵਾਂ ਸ਼ਰਮਨਾਕ



**ਬਲਵਿੰਦਰ ਸਿੰਘ ਭੁੱਲਰ**

ਲੋਕਤੰਤਰ ਲੋਕਾਂ ਦਾ ਹੁੰਦਾ ਹੈ ਅਤੇ ਲੋਕਾਂ ਲਈ ਹੁੰਦਾ ਹੈ। ਇਹ ਤਾਨਾਸ਼ਾਹੀ ਦੇ ਉਲਟ ਹੁੰਦਾ ਹੈ। ਲੋਕਤੰਤਰ ਵਿੱਚ ਆਮ ਲੋਕਾਂ ਨੂੰ ਹੱਕ, ਸੱਚ, ਨਿਆਂ, ਇਨਸਾਫ਼ ਅਤੇ ਸੁਰੱਖਿਆ ਮਿਲਣ ਦੀਆਂ ਵੱਡੀਆਂ ਆਸਾਂ ਹੁੰਦੀਆਂ ਹਨ। ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆਂ ਜਾਂਦਾ ਹੈ, ਪਰ ਕੀ ਇਹ ਆਪਣੇ ਫ਼ਰਜਾਂ ਅਸੂਲਾਂ ਤੇ ਖ਼ਰਾ ਉੱਤਰ ਰਿਹਾ ਹੈ ? ਇਹ ਵੀ ਅੱਜ ਦੇ ਸਮੇਂ ਦਾ ਅਹਿਮ ਸੁਆਲ ਹੈ, ਜਿਸ ਤੇ ਚਰਚਾ ਹੋਣੀ ਚਾਹੀਦੀ ਹੈ। ਸਰਕਾਰ ਵੱਲੋਂ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਤੁੱਛ ਜਿਹੀਆਂ ਸਹੂਲਤਾਂ ਜਾਂ ਮੁਫ਼ਤ ਦੀਆਂ ਸਹੂਲਤਾਂ ਮਨੁੱਖੀ ਜੀਵਨ ਦਾ ਆਧਾਰ ਨਹੀਂ ਬਣ ਸਕਦੀਆਂ, ਅਜਿਹੀਆਂ ਲੁਭਾਉਣੀਆਂ ਸਹੂਲਤਾਂ ਤਾਂ ਰਾਜਨੀਤਕ ਪਾਰਟੀਆਂ ਸੱਤ੍ਹਾ ਤੇ ਕਬਜਾ ਕਰਨ ਲਈ ਵਰਤਦੀਆਂ ਹਨ। ਪਰ ਸੱਤ੍ਹਾ ਹਾਸਲ ਕਰਨ ਤੋਂ ਬਾਅਦ ਕੀ ਉਹ ਆਮ ਮਨੁੱਖ ਦੇ ਜੀਵਨ ਲਈ ਨਿਭਾਉਣ ਵਾਲੇ ਫ਼ਰਜਾਂ ਨੂੰ ਨਿਭਾਉਂਦੀਆਂ ਹਨ, ਅਸਲ ਮੁੱਦਾ ਇਹ ਹੈ। ਜਿਸ ਵੱਲ ਅੱਜ ਧਿਆਨ ਨਹੀਂ ਦਿੱਤਾ ਜਾ ਰਿਹਾ।

ਸੱਤ੍ਹਾਧਾਰੀ ਲੋਕ ਵਿਕਾਸ ਜਾਂ ਸਹੂਲਤਾਂ ਦੇ ਸਬਜਬਾਗ ਵਿਖਾ ਕੇ ਰਾਜ ਕਰ ਰਹੇ ਹਨ ਅਤੇ ਲੰਬੇ ਸਮੇਂ ਦੀ ਸਥਾਪਤੀ ਲਈ ਲੋਕਾਂ ਨੂੰ ਪ੍ਰਚਾਉਣ ਵਿੱਚ ਲੱਗੇ ਹੋਏ। ਦੁਨੀਆਂ ਵਿੱਚ ਅੱਜ ਅਸੀਂ ਕਿੱਥੇ ਹਾਂ ਇਸਤੇ ਖੁਸ਼ ਨਹੀਂ ਹੋਣਾ ਚਾਹੀਦਾ ਸਗੋਂ ਚਿੰਤਾ ਹੋਣੀ ਚਾਹੀਦੀ ਹੈ ਕਿ ਅਸੀਂ ਜਾ ਕਿੱਧਰ ਨੂੰ ਰਹੇ ਹਾਂ। ਕਿਸੇ ਦੇਸ਼ ਦੇ ਸਮਾਜ ਤੇ ਵਿਰਸੇ ਦੀ ਨੈਤਿਕਤਾ ਦੀ ਪਛਾਣ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਲੋਕਾਂ ਨੂੰ ਮਜਬੂਤ ਸੁਰੱਖਿਆ ਦਿੰਦਾ ਹੈ, ਬਰਾਬਰਤਾ ਦਾ ਅਧਿਕਾਰ ਦਿੰਦਾ ਹੈ, ਔਰਤਾਂ ਬੱਚਿਆਂ ਦੇ ਭਵਿੱਖ ਦਾ ਖਿਆਲ ਰੱਖਦਾ ਹੈ, ਲੋਕਾਂ ਨੂੰ ਸੁਖੀ ਤੇ ਖੁਸ਼ ਜਿੰਦਗੀ ਜਿਉਣ ਦਾ ਹੱਕ ਦਿੰਦਾ ਹੈ। ਪਰ ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇਕਰ ਦੇਸ਼ ਦੀਆਂ ਸਰਕਾਰਾਂ ਆਪਣੇ ਬਣਦੇ ਫ਼ਰਜਾਂ ਨੂੰ ਅਦਾ ਕਰਨ। ਪਰ ਸਾਡੇ ਦੇਸ਼ ਦੀਆਂ ਸਰਕਾਰਾਂ ਕੇਵਲ ਹਕੂਮਤ ਕਰ ਰਹੀਆਂ ਹਨ, ਰਾਜ ਪ੍ਰਬੰਧ ਨਹੀਂ ਕਰ ਰਹੀਆਂ, ਚੰਗੇ ਸ਼ਾਸਨ ਬਾਰੇ ਸੋਚਣਾ ਤਾਂ ਦੂਰ ਦੀ ਗੱਲ ਹੈ। ਮਹਾਨ ਫਿਲਾਸਫਰ ਡਬਲਿਊ ਈਚੈਨਿੰਗ ਨੇ ਕਿਹਾ ਸੀ ਕਿ ਸਰਕਾਰਾਂ ਦਾ ਕੰਮ ਖੁਸ਼ੀਆਂ ਵਰਸਾਉਣਾ ਨਹੀਂ, ਸਗੋਂ ਲੋਕਾਂ ਨੂੰ ਅਜਿਹੇ ਮੌਕੇ ਮੁਹੱਈਆ ਕਰਨਾ ਹੈ ਜੋ ਉਹਨਾਂ ਦੀ ਖੁਸ਼ੀ ਦਾ ਸਬੱਬ ਬਣਨ।

ਗੱਲ ਕਰਦੇ ਹਾਂ ਕਿ ਭਾਰਤ ਵਿੱਚ ਆਮ ਲੋਕਾਂ ਦੀ ਜਿੰਦਗੀ ਕਿੰਨੀ ਕੁ ਸੁਰੱਖਿਅਤ ਹੈ। ਇਸੇ ਸਾਲ ਦੀਆਂ ਕੁੱਝ ਉਦਾਰਹਣਾਂ ਤੋਂ ਇਹ ਸਪਸ਼ਟ ਹੋ ਜਾਵੇਗਾ। ਮਾਰਚ ਮਹੀਨੇ ’ਚ ਦੋਨੋ ਨਾਂ ਦੇ ਇੱਕ ਪਿੰਡ ਦੇ ਬਜੁਰਗ ਤੇ ਅੰਧ ਵਿਸਵਾਸ ਜਾਂ ਟੂਣੇ ਦਾ ਸ਼ੱਕ ਸੀ, ਕੁਝ ਲੋਕਾਂ ਨੇ ਉਸਨੂੰ ਸਬਕ ਸਿਖਾਉਣ ਲਈ ਫੜ ਕੇ ਜਬਰੀ ਪਿਸ਼ਾਬ ਪਿਆਇਆ ਗਿਆ। ਇਸ ਸਬੰਧੀ ਚਾਰ ਵਿਅਕਤੀਆਂ ਤੇ ਮੁਕੱਦਮਾ ਵੀ ਦਰਜ ਕੀਤਾ ਜਾ ਚੁੱਕਾ ਹੈ। ਅਪਰੈਲ ਵਿੱਚ ਰਾਜਸਥਾਨ ਬਾੜਮੇਰ ਦੇ ਇਲਾਕੇ ਵਿੱਚ ਇੱਕ ਲੜਕੀ ਨਾਲ ਚੈਟਿੰਗ ਕਰਨ ਦੇ ਦੋਸ਼ ਵਿੱਚ ਇੱਕ ਮੁੰਡੇ ਨੂੰ ਫੜ ਕੇ ਉਸਦੀ ਕੁੱਟਮਾਰ ਕੀਤੀ ਅਤੇ ਉਸਨੂੰ ਜਬਰੀ ਪਿਸ਼ਾਬ ਪਿਆਇਆ ਗਿਆ। ਮਈ ਮਹੀਨੇ ਦੌਰਾਨ ਰਾਜਸਥਾਨ ਦੇ ਅਜਮੇਰ ਖੇਤਰ ਦੇ ਪਿੰਡ ਗਗਵਾਨ ’ਚ ਕੁੱਝ ਨੌਜਵਾਨਾਂ ਨੇ ਇੱਕ ਮੁੰਡੇ ਜੀਤੂ ਨੂੰ ਅਗਵਾ ਕਰਕੇ ਉਸਦੇ ਗਲ ’ਚ ਜੁੱਤੀਆਂ ਦਾ ਹਾਰ ਪਾਇਆ ਅਤੇ ਜਬਰੀ ਪਿਸ਼ਾਬ ਪਿਆਇਆ। ਜੂਨ ਮਹੀਨੇ ’ਚ ਬਿਹਾਰ ਦੇ ਬਰੇਗੂਸਰਾਏ ਇਲਾਕੇ ਵਿੱਚ ਇੱਕ ਔਰਤ ਨੂੰ ਅਗਵਾ ਕਰਕੇ ਉਸ ਨਾਲ ਗੈਂਗਰੇਪ ਕੀਤਾ ਅਤੇ ਫੇਰ ਉਸਦੇ ਗੁਪਤ ਅੰਗਾਂ ਵਿੱਚ ਲੱਕੜਾਂ ਦੇ ਟੁਕੜੇ ਤੇ ਰੋੜੇ ਪਾ ਦਿੱਤੇ ਗਏ, ਇਸ ਸਬੰਧੀ ਵੀ ਕੇਸ ਦਰਜ ਹੋਇਆ। ਜੁਲਾਈ ਮਹੀਨੇ ਪੰਜਾਬ ਦੇ ਸ਼ਹਿਰ ਲੁਧਿਆਣਾ ਵਿਖੇ ਕੁੱਝ ਨੌਜਵਾਨਾਂ ਨੇ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸਦੀ ਕੁੱਟਮਾਰ ਕੀਤੀ ਅਤੇ ਉਸਨੂੰ ਜਬਰੀ ਪਿਸ਼ਾਬ ਪਿਆਇਆ।

ਸਮੁੱਚੇ ਭਾਰਤ ਵਿੱਚ ਅਜਿਹੀਆਂ ਗੈਰਵਿਵਹਾਰਕ, ਘਟੀਆ ਤੇ ਘਿਨਾਉਣੀਆਂ ਹਰਕਤਾਂ ਦੇ ਅੰਕੜੇ ਇਕੱਠੇ ਕੀਤੇ ਜਾਣ ਤਾਂ ਉਹਨਾਂ ਦੀ ਗਿਣਤੀ ਸੈਂਕੜਿਆਂ ਵਿੱਚ ਪਹੁੰਚ ਜਾਵੇਗੀ। ਇਹ ਗੱਲ ਵੀ ਵਿਚਾਰਣ ਵਾਲੀ ਹੈ ਕਿ ਅਜਿਹੀਆਂ ਘਟਨਾਵਾਂ ਦੇਸ਼ ਦੇ ਕੋਈ ਇੱਕ ਹਿੱਸੇ ਜਾਂ ਖੇਤਰ ਵਿੱਚ ਨਹੀਂ ਵਾਪਰ ਰਹੀਆਂ, ਦੇਸ਼ ਦੇ ਹਰ ਕੋਨੇ, ਹਰ ਸੂਬੇ ਵਿੱਚ ਵਾਪਰ ਰਹੀਆਂ ਹਨ। ਹਰ ਖੇਤਰ ਵਿੱਚ ਅਪਰਾਧਿਕ ਲੋਕਾਂ ਦੀ ਸੋਚ ਇੱਕ ਤਰ੍ਹਾਂ ਦੀ ਕਿਵੇਂ ਪ੍ਰਬਲ ਹੋ ਰਹੀ ਹੈ, ਇਹ ਵੱਡੀ ਚਿੰਤਾ ਦਾ ਸਵਾਲ ਹੈ। ਘਟਨਾ ਵਾਪਰਨ ਤੇ ਮੁਕੱਦਮਾ ਦਰਜ ਕਰਕੇ ਪੀੜ੍ਹਤ ਦੇ ਹਿਰਦੇ ਨੂੰ ਸ਼ਾਂਤ ਤਾਂ ਕਰ ਦਿੱਤਾ ਜਾਂਦਾ ਹੈ ਅਤੇ ਇਨਸਾਫ਼ ਮਿਲਣ ਦੇ ਦਾਅਵੇ ਵੀ ਕੀਤੇ ਜਾਂਦੇ ਹਨ, ਪਰ ਇਨਸਾਫ਼ ਕਿੰਨਾ ਕੁ ਮਿਲਦਾ ਹੈ ਇਹ ਵੀ ਸਭ ਲੋਕ ਜਾਣਦੇ ਹੀ ਹਨ। ਦੂਜੀ ਗੱਲ ਇਨਸਾਫ ਮਿਲੇ ਜਾਂ ਨਾ ਮਿਲੇ, ਅਜਿਹੀਆਂ ਘਟਨਾਵਾਂ ਵਾਪਰਦੀਆਂ ਹੀ ਕਿਉਂ ਹਨ ? ਕੀ ਅਜਿਹਾ ਭਾਰਤੀ ਸੰਸਕ੍ਰਿਤੀ ਸੱਭਿਆਚਾਰ ਦੇ ਅਨੁਸਾਰ ਹੀ ਹੋ ਰਿਹਾ ਹੈ ? ਜੇ ਨਹੀਂ, ਤਾਂ ਦੇਸ਼ ਦੀਆਂ ਸਰਕਾਰਾਂ ਅਜਿਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫ਼ਲ ਕਿਉਂ ਹਨ ? ਉਹ ਕੋਈ ਠੋਸ ਤੇ ਸਖ਼ਤ ਕਾਰਵਾਈ ਕਰਕੇ ਠੱਲ੍ਹ ਕਿਉਂ ਨਹੀਂ ਪਾ ਰਹੀਆਂ।ਇਹਨਾਂ ਸਵਾਲਾਂ ਦਾ ਸਿੱਧਾ ਜਵਾਬ ਇਹ ਹੀ ਹੋ ਸਕਦਾ ਹੈ ਕਿ ਸਰਕਾਰਾਂ ਹਕੂਮਤ ਕਰਦੀਆਂ ਹਨ, ਰਾਜ ਪ੍ਰਬੰਧ ਨਹੀਂ। ਅਜਿਹੇ ਸਮੇਂ ਦੇਸ਼ ਦੇ ਆਮ ਲੋਕਾਂ ਨੂੰ ਸੋਚਣਾ ਪਵੇਗਾ ਕਿ ਅਸੀਂ ਜਾ ਕਿੱਧਰ ਨੂੰ ਰਹੇ ਹਨ। ਲੋਕਾਂ ਨੂੰ ਚੇਤੰਨ ਹੋਣਾ ਪਵੇਗਾ। ਡਾ: ਅੰਬੇਦਕਰ ਨੇ ਵੀ ਕਿਹਾ ਸੀ ਕਿ ਸਮਾਜਕ ਚੇਤਨਾ ਨਾਲ ਹੀ ਮੂਲ ਜਾਂ ਦੂਸਰੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ। ਭਾਰਤ ਗੁਰੂਆਂ ਪੀਰਾਂ ਪੈਗੰਬਰਾਂ ਦੀ ਧਰਤੀ ਹੈ, ਇਸ ਉੱਤੇ ਅਜਿਹੀਆਂ ਗੈਰਮਨੁੱਖੀ, ਘਿਨਾਉਣੀਆਂ ਘਟਨਾਵਾਂ ਵਾਪਰਨੀਆਂ ਸਰਮਨਾਕ ਹਨ ਅਤੇ ਸਰਕਾਰਾਂ ਲਈ ਸੁਆਲ ਖੜ੍ਹੇ ਕਰਦੀਆਂ ਹਨ। ਵਿਦਵਾਨ ਸੋਲਨ ਦਾ ਕਥਨ ਹੈ ਕਿ ਉਹ ਸਰਕਾਰ ਚੰਗੀ ਮੰਨੀ ਜਾਵੇਗੀ, ਜੋ ਛੋਟੇ ਤੋਂ ਛੋਟੇ ਮਨੁੱਖ ਨਾਲ ਹੋਈ ਵਧੀਕੀ ਨੂੰ ਵੀ ਸਭਨਾਂ ਦਾ ਅਪਮਾਨ ਮੰਨਦੀ ਹੋਵੇ। ਇਸ ਮੁੱਦੇ ਉੱਪਰ ਚਰਚਾ ਹੋਣੀ ਚਾਹੀਦੀ ਹੈ।






# ਕੈਨੇਡਾ ਦੇ ਵਿੱਚ ਪੰਜਾਬੀਆਂ ਦੀ ਪਾਰਲੀਮੈਂਟ



ਗੁਰਚਰਨ ਸਿੰਘ ਪੱਖੋ ਕਲਾਂ
ਮੋਬਾਈਲ 9417 7 27245

**ਵੀਰ ਜੀ ਜਿਹੜੇ ਨੇ ਬਚਪਨ ਦੇ ਵਿੱਚ ਹੀ ਆਪਣੇ ਬਾਪ ਦੇ ਕੋਲ ਪੰਜ ਛੇ ਸਾਲ ਦੀ ਉਮਰ ਦੇ ਵਿੱਚ ਇੰਗਲੈਂਡ ਚਲੇ ਗਏ ਅਤੇ 20-22 ਸਾਲ ਇੰਗਲੈਂਡ ਦੇ ਵਿੱਚ ਲਾਉਣ ਤੋਂ ਬਾਅਦ ਜ਼ਿੰਦਗੀ ਦੇ ਦੁੱਖਾਂ ਸੁੱਖਾਂ ਦੇ ਵਿੱਚੋਂ ਲੰਘਦਿਆਂ ਹੋਇਆਂ ਹਰਭਜਨ ਸਿੰਘ ਧਾਮੀ ਸਾਹਿਬ ਕਨੇਡਾ ਪਹੁੰਚ ਗਏ ਨੇ । ਇੰਗਲੈਂਡ ਤੇ ਕਨੇਡਾ ਦੇ ਵਿੱਚ ਲਗਭਗ 18 ਵਾਰ ਆਪਣਾ ਘਰ ਬਦਲ ਚੁੱਕੇ ਪਹਿਲੀ ਪਤਨੀ ਅਤੇ ਪੁੱਤਰਾਂ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਵਾਉਣ ਤੋਂ ਬਾਅਦ ਜ਼ਿੰਦਗੀ ਬਤੀਤ ਕਰ ਰਹੇ ਹਨ । ਉਹਨਾਂ ਕਰੋੜਾਂ ਰੁਪਆ ਕਮਾਉਣ ਤੋਂ ਬਾਅਦ ਦੁਨਿਆਵੀ ਝਮੇਲੇ ਕਬੀਲਦਾਰੀ ਦੀਆਂ ਹਨੇਰੀਆਂ ਨੇ ਹੀਰੋ ਤੋਂ ਜੀਰੋ ਤੇ ਲਿਆ ਖੜਾ ਕੀਤਾ ਹੈ ਅਤੇ ਅਦਾਲਤੀ ਫੈਸਲਿਆ ਤੇ ਕਿਸਮਤ ਟਿਕਾਈ ਬੈਠੇ ਹਨ ।**



ਦੋਸਤੋ ਆਓ ਤੁਹਾਨੂੰ ਪੰਜਾਬੀਆਂ ਦੀ ਪਾਰਲੀਮੈਂਟ ਵਿੱਚ ਲੈ ਕੇ ਚੱਲੀਏ । ਇਹ ਪਾਰਲੀਮੈਂਟ ਦਾ ਸੈਸ਼ਨ ਹੁੰਦਾ ਲਗਭਗ ਰੋਜਾਨਾ ਹੁੰਦਾ ਹੈ । ਇਸ ਦੇ ਵਿੱਚ ਪੰਜਾਬੀ ਬੋਲਣ ਵਾਲਾ ਚਾਹੇ ਉਹ ਹਰਿਆਣੇ ਤੋਂ ਹੋਵੇ ਚਾਹੇ ਉਹ ਦਿੱਲੀ ਤੋਂ ਹੋਵੇ ਚਾਹੇ ਉਹ ਇੰਗਲੈਂਡ ਤੋਂ ਹੋਵੇ ਤੇ ਚਾਹੇ ਉਹ ਕਿਸੇ ਹੋਰ ਹਿੱਸੇ ਪੰਜਾਬ ਦੇ ਹਰ ਹਿੱਸੇ ਤੋਂ ਲਗਭਗ ਇਸ ਪਾਰਲੀਮੈਂਟ ਦੇ ਵਿੱਚ ਰੋਜਾਨਾ ਨਵੇਂ ਤੋਂ ਨਵੇਂ ਵੀਰ ਹਾਜ਼ਰ ਹੁੰਦੇ ਨੇ । ਕੁਝ ਇਸ ਪਾਰਲੀਮੈਂਟ ਦੇ ਪੱਕੇ ਹੀ ਮੈਂਬਰ ਨੇ ਜਿਹੜੇ ਲਗਭਗ ਰੋਜਾਨਾ ਹੀ ਇਸ ਦੇ ਵਿੱਚ ਹਾਜਰੀ ਭਰਦੇ ਨੇ ਔਰ ਸਭ ਤੋਂ ਵੱਡੀ ਗੱਲ ਇਸ ਦੇ ਵਿੱਚ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਇੱਕ ਮੈਂਬਰ ਸੰਧੂ ਸਾਹਿਬ ਵੀ ਲਗਭਗ ਰੋਜਾਨਾ ਇੱਕ ਜਾਂ ਦੋ ਵਾਰ ਇਸ ਪਾਰਲੀਮੈਂਟ ਦੇ ਵਿੱਚ ਸ਼ਾਮਿਲ ਹੁੰਦਾ ਹੈ ।ਇਹ ਇੱਕ ਇਹੋ ਜਿਹੀ ਪਾਰਲੀਮੈਂਟ ਹੈ ਜਿਸ ਦੇ ਵਿੱਚ ਨਾ ਕੋਈ ਭੇਦ ਭਾਵ ਨਾ ਕੋਈ ਲਿਹਾਜ ਔਰ ਬੇਬਾਕ ਟਿੱਪਣੀਆਂ ਅਤੇ ਫੈਸਲੇ ਕੀਤੇ ਜਾਂਦੇ ਨੇ ਵੱਡੀ ਗੱਲ ਇਹ ਕਿ ਇਸ ਦੇ ਵਿੱਚ ਹਿੰਦੂ ਸਿੱਖ ਅਤੇ ਹੋਰ ਵੀ ਕੋਈ ਧਰਮ ਮੰਨਣ ਵਾਲਾ ਜਾਂ ਨਾ ਮੰਨਣ ਵਾਲਾ ਹੋਵੇ ਉਹ ਵੀ ਇਸ ਦੇ ਵਿੱਚ ਮਾਣ ਦੇ ਨਾਲ ਅਤੇ ਇੱਜਤ ਦੇ ਨਾਲ ਸਤਿਕਾਰ ਦੇ ਨਾਲ ਸ਼ਾਮਿਲ ਹੁੰਦੇ ਹਨ ।

ਸ਼ਾਇਦ ਤੁਸੀਂ ਤੁਸੀਂ ਸੋਚਦੇ ਹੋਵੋਗੇ ਕਿ ਇਹ ਕਿੱਥੇ ਬੈਠਦੀ ਹੈ ਪਰ ਦੋਸਤੋ ਵਿਦੇਸ਼ਾਂ ਦੇ ਵਿੱਚ ਲਗਭਗ ਹਰ ਉਸ ਕਲੋਨੀ ਦੇ ਵਿੱਚ ਹਰ ਉਸ ਏਰੀਏ ਦੇ ਵਿੱਚ ਜਿੱਥੇ ਪੰਜਾਬੀ ਵੱਸਦੇ ਨੇ ਜਾਂ ਜਿਆਦਾਤਰ ਵਸਦੇ ਨੇ ਇਹੋ ਜਿਹੀਆਂ ਪਾਰਲੀਮੈਂਟਾਂ ਬੈਠਿਆ ਕਰਦੀਆਂ ਨੇ ਪਰ ਅਸੀਂ ਤੁਹਾਨੂੰ ਲੈ ਕੇ ਚਲਦੇ ਆਗੇ ਟਰਾਂਟੋ ਦੇ ਵਿੱਚ ਬਰੈਮਟਨ ਦੇ ਨਾਲ ਕੈਨੇਡਾ ਏਰੀਆ ਨਵਾਂ ਵਸਿਆ ਕੈਲਡਾਨ ਜਿੱਥੇ ਹਾਲੇ ਤੱਕ ਪਾਰਕਾਂ ਦੀ ਉਸਾਰੀ ਨਹੀਂ ਹੋਈ ਔਰ ਪੰਜਾਬੀ ਵੀਰ ਕੁਝ ਥਾਵਾਂ ਦੇ ਉੱਤੇ ਬੈਂਚ ਲੱਗੇ ਹੋਏ ਨੇ ਜਿੱਥੇ ਰੋਡ ਦੇ ਕਿਨਾਰੇ ਦੇ ਉੱਤੇ ਆਮ ਹੀ ਟਰੈਫਿਕ ਲੰਘਦਾ ਪਰ ਪੰਜਾਬੀਆਂ ਦਾ ਸੁਭਾਅ ਹੈ ਤੇ ਉਹ ਇਕੱਠੇ ਹੋ ਕੇ ਬੈਠਦੇ ਨੇ । ਇਸ ਤਰ੍ਹਾਂ ਦੇ ਹੀ ਮੈਕਲੋਗਨ ਰੋਡ ਦੇ ਉੱਤੇ ਇੱਕ ਬੈਂਚ ਲੱਗੇ ਹੋਏ ਹਨ ਜਿੱਥੇ ਲਗਭਗ ਰੋਜਾਨਾ 20 ਤੋਂ 25 ਬੰਦੇ ਹਾਜਰੀ ਲਵਾਉਂਦੇ ਨੇ ਜਿਨਾਂ ਦੇ ਵਿੱਚ ਪ੍ਰਿੰਸੀਪਲ ਚਮਨ ਲਾਲ ਹੋਸਿਆਰਪੁਰ ਜੀ ਹਰਿਆਣੇ ਤੋਂ ਬਾਈ ਰਾਏ ਜਸਬੀਰ ਸਿੰਘ ਅਤੇ ਹੋਰ ਵੀ ਉਹਨਾਂ ਦੇ ਕਈ ਸਾਥੀ ਤੇ ਯੂਪੀ ਦੇ ਵਿੱਚ ਭਗਤ ਸਿੰਘ ਦੇ ਪਰਿਵਾਰ ਨਾਲ ਸੰਬੰਧਿਤ ਸੰਧੂ ਸਾਹਿਬ ਜਿਹੜੇ ਕਿ ਖਟਕ ?ੜ ਕਲਾਂ ਤੋਂ ਪਹਿਲਾਂ ਯੂਪੀ ਸਹਾਰਨਪੁਰ ਏਰੀਆ ਦੇ ਵਿੱਚ ਚਲੇ ਗਏ ਸਨ ਪਰ ਪੈਰ ਚੱਕਰ ਦੇ ਹੁੰਦਿਆਂ ਉਥੋਂ ਚਲਦਿਆਂ ਚਲਦਿਆਂ ਇੰਗਲੈਂਡ ਵਗੈਰਾ ਘੁੰਮਦੇ ਹੋਏ ਅੱਜ ਕੱਲ ਕੈਨੇਡਾ ਵਸੇ ਹੋਏ ਹਨ । ਇਸ ਤਰ੍ਹਾਂ ਹੀ ਹੋਰ ਅਨੇਕਾਂ ਪੰਜਾਬੀ ਕਿਸੇ ਨੇ ਖੇਤੀਬਾੜੀ ਦਾ ਵਿਸ਼ਾਲ ਤਜਰਬਾ ਰੱਖਿਆ ਹੋਇਆ ਕਈ ਵੀਰਾਂ ਨੇ ਨੌਕਰੀਆਂ ਦਾ ਵਿਸ਼ਾਲ ਤਜਰਬਾ ਰੱਖਿਆ ਹੋਇਆ ਜਿਨਾਂ ਦੇ ਵਿੱਚ ਦੋ ਤਿੰਨ ਪਟਵਾਰੀ ਇੱਕ ਵੀਰ ਨਹਿਰੀ ਮਹਿਕਮੇ ਦੇ ਵਿੱਚੋਂ ਐਸਡੀਓ ਤੇ ਇੱਕ ਖੇਤੀਬਾੜੀ ਯੂਨੀਵਰਸਿਟੀ ਦੇ ਪਰੋਫੈਸਰ ਹੋਰ ਹੀ ਕਿੰਨੇ ਹੀ ਕੋਈ ਅਧਿਆਪਕ ਕੋਈ ਲੇਖਕ ਤੇ ਕੋਈ ਕਿਸੇ ਹੋਰ ਖੇਤਰ ਦਾ ਮਾਹਰ ਇਸ ਦੇ ਵਿੱਚ ਸ਼ਾਮਿਲ ਹੁੰਦੇ ਹਨ ।

ਇਹਨਾਂ ਦੀ ਵਿਚਾਰ ਚਰਚਾ ਲਗਭਗ ਸਮੁੱਚੇ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਕਿਉਂਕਿ ਇਸ ਦੇ ਵਿੱਚ ਪੰਜਾਬ ਦੇ ਹਰ ਹਿੱਸੇ ਤੋਂ ਭਰਾ ਸ਼ਾਮਿਲ ਹੁੰਦੇ ਹਨ ਦੁਆਬੇ ਵਾਲੇ ਮਾਝੇ ਵਾਲੇ ਤੇ ਮਾਲਵੇ ਵਾਲੇ ਭਾਵੇਂ ਇਸ ਦੇ ਵਿੱਚ ਦੁਆਬੇ ਵਾਲੇ ਤੇ ਮਾਝੇ ਵਾਲੇ ਜਿਆਦਾ ਹੁੰਦੇ ਨੇ ਪਰ ਮਾਲਵੇ ਵਾਲੇ ਵੀ ਘੱਟ ਨਹੀਂ । ਨਿਰਮਲ ਸਿੰਘ ਮਾਨ ਅਤੇ ਨਿਰਭੈ ਧਾਲੀਵਾਲ ਚੌਂਕੀਮਾਨ ਜਿਲਾ ਲੁਧਿਆਣਾ ਤੋਂ 30 ਸਾਲ ਦੁਬਈ ਦੇ ਵਿੱਚ ਟਰਾਲੇ ਚਲਾਉਣ ਤੋਂ ਬਾਅਦ ਆਪਣੇ ਬੱਚਿਆਂ ਦੇ ਨਾਲ ਕਨੇਡਾ ਪਹੁੰਚੇ ਨੇ ਬੜੀ ਹੀ ਮਨ ਮੋਹ ਲੈਣ ਵਾਲੀ ਸ਼ਖਸ਼ੀਅਤ ਦਿਲਦਾਰ ਇਨਸਾਨ 75 80 ਸਾਲ ਦੀ ਉਮਰ ਦੇ ਵਿੱਚ ਵੀ ਦਗਦੇ ਚਿਹਰੇ ਨਾਲ ਬਹੁਤ ਹੀ ਸਿਆਣੀਆਂ ਗੱਲਾਂ ਦੇ ਨਾਲ ਸਾਰਿਆਂ ਨੂੰ ਆਪਣੀ ਕੀਲ ਵਿੱਚ ਲੈ ਲੈਂਦੇ ਨੇ । ਦੁਆਬੇ ਤੋਂ ਆਏ ਹੋਏ ਪੈਟਰੋਲ ਪੰਪ ਦਾ ਕਾਰੋਬਾਰ ਛੱਡ ਕੇ ਆਪਣੀ ਪ੍ਰੋਫੈਸਰੀ ਪ੍ਰਿੰਸੀਪਲ ਦੀ ਨੌਕਰੀ ਪੂਰੀ ਕਰਕੇ ਆਏ ਹੋਏ ਚਮਨ ਲਾਲ ਜੀ ਭਾਵੇਂ ਹਿੰਦੂ ਧਰਮ ਨਾਲ ਸੰਬੰਧਿਤ ਨੇ ਪਰ ਆਪਣੀ ਬੇਬਾਕ ਰਾਏ ਦੇ ਨਾਲ ਉਹ ਸਾਰਿਆਂ ਦਾ ਹੀ ਸਤਿਕਾਰ ਦੇ ਪਾਤਰ ਹੁੰਦੇ ਹਨ ਔਰ ਲਗਭਗ ਹਰ ਮੁੱਦੇ ਦੇ ਉੱਤੇ ਪੰਜਾਬੀਅਤ ਦਾ ਪੱਖ ਲੈਣਾ ਉਹਨਾਂ ਦਾ ਕਿਸੇ ਵੀ ਕੌਮੀਅਤ ਦੇ ਬਾਰੇ ਨਫਰਤ ਨਾ ਰੱਖਣੀ ਤੇ ਆਪਣੀ ਗੱਲ ਬੜੀ ਧੜੱਲੇ ਦੇ ਨਾਲ ਪਿਆਰ ਨਾਲ ਸਤਿਕਾਰ ਦੇ ਨਾਲ ਔਰ ਇੱਕ ਪੂਰਨ ਇਨਸਾਨ ਦੇ ਤੌਰ ਦੇ ਉੱਤੇ ਗੱਲ ਕਹਿਣ ਦਾ ਦਮ ਰੱਖਦੇ ਨੇ । ਬਹੁਤ ਸਾਰੇ ਭਰਾ ਇਹੋ ਜਿਹੇ ਵੀ ਆਉਂਦੇ ਹਨ ਜਿਹੜੇ ਆਪਣੀਆਂ ਪਰਿਵਾਰਕ ਉਲਜਣਾਂ ਦੇ ਵਿੱਚੋਂ ਨਿਕਲ ਨਹੀਂ ਸਕੇ ਭਾਵੇਂ ਉਹ ਕਬੀਲਦਾਰੀ ਪੱਖੋਂ ਫਾਰਗ ਨੇ ਪਰ ਕਦੇ ਉਹਨਾਂ ਨੂੰ ਆਪਣੀ ਪੈਨਸ਼ਨ ਦਾ ਫਿਕਰ ਕਦੇ ਉਹਨਾਂ ਨੂੰ ਆਪਣੇ ਪਰਿਵਾਰ ਦਾ ਫਿਕਰ ਲੈ ਲੈਂਦਾ ਪਰ ਬਹੁਤ ਸਾਰੇ ਮਿੱਤਰ ਦੋਸਤ ਇਸ ਪਾਰਲੀਮੈਂਟ ਦੇ ਵਿੱਚ ਇਹੋ ਜਿਹੇ ਹੁੰਦੇ ਹਨ ਜਿਹੜੇ ਕਿ ਆਪਣੀ ਜ਼ਿੰਦਗੀ ਦੇ ਕੰਮਾਂ ਧੰਦਿਆਂ ਵਾਲੀ ਜ਼ਿੰਦਗੀ ਲੰਘਾਉਣ ਤੋਂ ਬਾਅਦ ਰੈਸਟ ਮੋੜ ਦੇ ਵਿੱਚ ਬੇਬਾਕ ਭਵਿੱਖ ਦੇ ਬਾਰੇ ਜਾਂ ਵਰਤਮਾਨ ਸਮੇਂ ਨੂੰ ਮਾਨਣ ਦੇ ਵਿੱਚ ਆਪਣਾ ਵਿਸ਼ਵਾਸ ਰੱਖਦੇ ਹਨ । ਇੱਕ ਵੀਰ ਦੀਦਾਰ ਸਿੰਘ ਜਿਨਾਂ ਨੇ ਡਰੇਨੇਜ ਵਿਭਾਗ ਦੇ ਵਿੱਚ ਰਿਟਾਇਰਮੈਂਟ ਤੱਕ ਕੰਮ ਕੀਤਾ ਉਸ ਸਮੇਂ ਦੇ ਅਨੇਕਾਂ ਤਜਰਬੇ ਆਪਣੇ ਪਰਿਵਾਰ ਦੇ ਤਜਰਬੇ ਬੜੀ ਹੀ ਗੰਭੀਰਤਾ ਨਾਲ ਸੁਣਾਉਂਦੇ ਨੇ ਤੇ ਸਾਰੇ ਸਰੋਤੇ ਦਿਲਚਸਪੀ ਨਾਲ ਸੁਣਦੇ ਨੇ । ਪ੍ਰਿੰਸੀਪਲ ਚਮਨ ਲਾਲ ਜੀ ਜਦੋਂ ਪੰਜਾਬੀਅਤ ਦੀ ਵਿਆਖਿਆ ਕਰਦੇ ਨੇ ਜਾਂ ਕੋਈ ਮਸਲਾ ਜਦ ਅੜ ਜਾਂਦਾ ਤਾਂ ਉਸ ਦੇ ਨਾਲ ਸੰਬੰਧਿਤ ਕੋਈ ਨਾ ਕੋਈ ਕਹਾਣੀ ਸੁਣਾ ਕੇ ਹਰ ਉਸ ਅੜੇ ਹੋਏ ਮਸਲੇ ਦਾ ਫੈਸਲਾ ਕਰ ਦਿੰਦੇ ਨੇ । ਦੋ ਪਟਵਾਰੀ ਸਾਹਿਬਾਨ ਨੇ ਇੱਕ ਦਾ ਝੁਕਾ ਸਿੱਖ ਧਰਮ ਵੱਲ ਜਿਆਦਾ ਪਰ ਇੱਕ ਆਜ਼ਾਦ ਖਿਆਲ ਦੇ ਨੇ ਪਰ ਦੋਨੋਂ ਹੀ ਆਪਣੀ ਵਿਚਾਰ ਚਰਚਾ ਦੇ ਵਿੱਚ ਰੰਗ ਬੰਨ ਦਿੰਦੇ ਨੇ । ਜੇ ਕਦੇ ਹਰਿਆਣੇ ਅਤੇ ਪੰਜਾਬ ਦੀ ਆਪਸੀ ਨਫਰਤ ਨੂੰ ਪਰਾਂ ਸਿੱਟ ਕੇ ਅਸੀਂ ਪੰਜਾਬੀਅਤ ਦਾ ਰੰਗ ਰੂਪ ਦੇਖਣਾ ਹੋਵੇ ਤਾਂ ਪਿਹੋਵਾ ਦੇ ਪਿੰਡ ਗੁਮਥਲਾ ਤੋਂ ਆਏ ਹੋਏ ਰਾਏ ਜਸਵੀਰ ਸਿੰਘ ਤੋਂ ਬੜੀਆਂ ਸਿਆਣੀਆਂ ਸਿਆਣੀਆਂ ਗੱਲਾਂ ਸੁਣਦੇ ਹਾਂ, ਜਿਨਾਂ ਦੇ ਵਿੱਚ ਕਦੇ ਵੀ ਕਿਸੇ ਕਿਸਮ ਦੀ ਕੋਈ ਨਫਰਤ ਨਹੀਂ ਹੁੰਦੀ । ਹਰ ਗੱਲ ਨੂੰ ਗੰਭੀਰਤਾ ਦੇ ਨਾਲ ਕਹਿਣਾ ਸੁਣਨਾ ਇਹ ਉਹਨਾਂ ਦੇ ਹਿੱਸੇ ਹੀ ਆਉਂਦਾ । ਬਾਈ ਧਰਮ ਸਿਉ ਜਦੋਂ ਵੀ ਕਦੇ ਗਲ ਕਰਦੇ ਨੇ ਉਹ ਹਮੇਸ਼ਾ ਹੱਸਣ ਵਾਲੀ ਤੇ ਹਸਾਉਣ ਵਾਲੀ ਗੱਲ ਕਰਦੇ ਨੇ ਪਰ ਜਦੋਂ ਅਖਾੜਾ ਭਖਿਆ ਹੋਵੇ ਤਾਂ ਉਹ ਸਾਰਿਆਂ ਤੋਂ ਵਧੀਆ ਸਰੋਤੇ ਹੁੰਦੇ ਹਨ ਅਤੇ ਕਦੇ ਵੀ ਗੱਲਬਾਤ ਦੇ ਵਿੱਚ ਬਹੁਤ ਹੀ ਘੱਟ ਦਖਲ ਦਿੰਦੇ ਨੇ । ਇੱਕ ਵੀਰ ਦੁਆਬੇ ਤੋਂ ਚੀਮਾ ਸਾਹਿਬ ਆਏ ਹੋਏ ਨੇ ਉਹਨਾਂ ਦਾ ਆਪਣਾ ਹੀ ਰੰਗ ਹੈ ਔਰ ਹਮੇਸ਼ਾ ਹਰ ਗੱਲ ਦੇ ਵਿੱਚ ਹਾਸਾ ਪੈਦਾ ਕਰਨਾ ਜਾਂ ਹਰ ਗੱਲ ਨੂੰ ਹਾਸੇ ਵਿੱਚ ਲੈ ਜਾਣਾ ਔਰ ਆਪਣੀਆਂ ਸਭ ਤੋਂ ਵੱਧ ਸੁਣਾਉਣੀਆਂ ਦੂਜਿਆਂ ਦੀਆਂ ਨਾ ਸੁਣਨੀਆਂ ਪਰ ਸਾਰੇ ਉਹਨਾਂ ਦੀਆਂ ਗੱਲਾਂ ਨੂੰ ਸੁਣ ਸੁਣ ਕੇ ਖੁਸ਼ ਹੁੰਦੇ ਨੇ ਤੇ ਉਹ ਵੀ ਕਦੇ ਕਿਸੇ ਦੀ ਪਰਵਾਹ ਨਹੀਂ ਕਰਦੇ ।

ਇਹਨਾਂ ਤੋਂ ਬਿਨਾਂ ਇੱਕ ਹੋਰ ਵੀਰ ਜੀ ਜਿਹੜੇ ਨੇ ਬਚਪਨ ਦੇ ਵਿੱਚ ਹੀ ਆਪਣੇ ਬਾਪ ਦੇ ਕੋਲ ਪੰਜ ਛੇ ਸਾਲ ਦੀ ਉਮਰ ਦੇ ਵਿੱਚ ਇੰਗਲੈਂਡ ਚਲੇ ਗਏ ਅਤੇ 20-22 ਸਾਲ ਇੰਗਲੈਂਡ ਦੇ ਵਿੱਚ ਲਾਉਣ ਤੋਂ ਬਾਅਦ ਜ਼ਿੰਦਗੀ ਦੇ ਦੁੱਖਾਂ ਸੁੱਖਾਂ ਦੇ ਵਿੱਚੋਂ ਲੰਘਦਿਆਂ ਹੋਇਆਂ ਹਰਭਜਨ ਸਿੰਘ ਧਾਮੀ ਸਾਹਿਬ ਕਨੇਡਾ ਪਹੁੰਚ ਗਏ ਨੇ । ਇੰਗਲੈਂਡ ਤੇ ਕਨੇਡਾ ਦੇ ਵਿੱਚ ਲਗਭਗ 18 ਵਾਰ ਆਪਣਾ ਘਰ ਬਦਲ ਚੁੱਕੇ ਪਹਿਲੀ ਪਤਨੀ ਅਤੇ ਪੁੱਤਰਾਂ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਵਾਉਣ ਤੋਂ ਬਾਅਦ ਜਿੰਦਗੀ ਬਤੀਤ ਕਰ ਰਹੇ ਹਨ । ਉਹਨਾਂ ਕਰੋੜਾਂ ਰੁਪਆ ਕਮਾਉਣ ਤੋਂ ਬਾਅਦ ਦੁਨਿਆਵੀ ਝਮੇਲੇ ਕਬੀਲਦਾਰੀ ਦੀਆਂ ਹਨੇਰੀਆਂ ਨੇ ਹੀਰੋ ਤੋਂ ਜੀਰੋ ਤੇ ਲਿਆ ਖੜਾ ਕੀਤਾ ਹੈ ਅਤੇ ਅਦਾਲਤੀ ਫੇਸਲਿਆ ਤੇ ਕਿਸਮਤ ਟਿਕਾਈ ਬੈਠੇ ਹਨ । ਜੇ ਅਦਾਲਤ ਉਹਨਾਂ ਦੇ ਹੱਕ ਵਿੱਚ ਫੈਸਲਾ ਦਿੰਦੀ ਹੈ ਤਾਂ ਉਹ ਕਰੋੜਾਂ ਦੇ ਮਾਲਕ ਹਨ ਔਰ ਜੇ ਅਦਾਲਤ ਉਹਨਾਂ ਦੇ ਖਿਲਾਫ ਜਾਂਦੀ ਹੈ ਤਾਂ ਉਹ ਕੱਖੋਂ ਹੌਲੇ ਹੋਣ ਦੀ ਸਥਿਤੀ ਵਿੱਚ ਬੈਠੇ ਹਨ

ਸੋ ਇਸ ਤਰ੍ਹਾਂ ਦੀਆਂ ਹੀ ਅਨੇਕਾਂ ਕਹਾਣੀਆਂ ਇਥੇ ਇੱਕ ਦੂਸਰੇ ਤੋਂ ਸੁਣਦਿਆਂ ਹੋਇਆਂ ਇੱਕ ਦੂਜੇ ਦੇ ਦੁੱਖ ਦਰਦ ਸਾਂਝੇ ਕਰਦਿਆਂ ਦੀ ਇਹ ਪੰਜਾਬੀਆਂ ਦੀ ਪਾਰਲੀਮੈਂਟ ਸਦਾ ਹੀ ਇਸੇ ਤਰ੍ਹਾਂ ਬੈਠਦੀ ਰਹੂਗੀ ਅਤੇ ਬੈਠਦੀ ਰਹੇ ਦੀ ਦੁਆਵਾਂ ਮੰਗਦੇ ਨੇ ਇੱਥੇ ਬੈਠਣ ਵਾਲੇ । ਸੋ ਤੁਸੀਂ ਵੀ ਪੰਜਾਬੀਆਂ ਦੇ ਸੁਭਾਅ ਅਨੁਸਾਰ ਇਸ ਤਰ੍ਹਾਂ ਦੀਆਂ ਥਾਵਾਂ ਦੇ ਉੱਤੇ ਅਨੇਕਾਂ ਵਾਰ ਬੈਠੇ ਹੋਵੋਗੇ ਅਤੇ ਆਨੰਦ ਲਿਆ ਹੋਵੇਗਾ ਅਤੇ ਇਸ ਰੰਗ ਵਿੱਚ ਸੰਸਾਰ ਦੇ ਪੰਜਾਬੀਆਂ ਦੇ ਸੁਭਾਅ ਅਨੁਸਾਰ ਪੰਜਾਬੀ ਹਮੇਸ਼ਾ ਇਸ ਤਰ੍ਹਾਂ ਹੀ ਮਿਲਦੇ ਜੁਲਦੇ ਰਹਿਣ ਦੀਆਂ ਦੁਆਵਾਂ ਕਰਦੇ ਹਾਂ । ਆਸ ਕਰਦੇ ਹਾਂ ਪੰਜਾਬੀ ਜਿੱਥੇ ਵੀ ਜਾਣਗੇ ਚੰਗੇ ਕੰਮ ਕਰਦਿਆਂ ਹੋਇਆਂ ਪੰਜਾਬ ਦਾ ਨਾਂ ਗੁਰੂਆਂ ਦਾ ਨਾਂ ਉੱਚਾ ਕਰਦੇ ਰਹਿਣ ਤੁਸੀਂ ਵੀ ਪੰਜਾਬੀਆਂ ਦੀਆਂ ਇਸ ਤਰ੍ਹਾਂ ਦੀਆਂ ਸੱਥਾਂ ਸਦਾ ਲੱਗਦੀਆਂ ਰਹਿਣ ਦੇ ਲਈ ਦੁਆ ਕਰਿਓ ਤੇ ਪੰਜਾਬੀਆਂ ਦਾ ਇਹ ਰੰਗ ਸਦਾ ਦੂਨੀਆਂ ਦੇ ਉੱਤੇ ਜਿਉਂਦਾ ਰਹੇ ।

# ਪੰਜਾਬ ਵੱਲੋਂ ਰਾਜਸਥਾਨ ਨੂੰ ਚਿਤਾਵਨੀ ਪੱਤਰ

ਸਫ਼ਾ ਇਕ ਦੀ ਬਾਕੀ

ਬੀਕਾਨੇਰ, ਨਵਾਬ ਆਫ ਬਹਾਵਲਪੁਰ ਅਤੇ ਸਟੇਟ ਆਫ ਪੰਜਾਬ ਵਿਚਾਲੇ ਪਾਣੀਆਂ ਬਾਰੇ ਸਮਝੌਤਾ ਹੋਇਆ ਸੀ। 1960 ਵਿੱਚ ਸਿੰਧ ਜਲ ਸੰਧੀ ਹੋਣ ਤੱਕ ਰਾਜਸਥਾਨ ਵੱਲੋਂ ਪਾਣੀਆਂ ਦੀ ਰਾਇਲਟੀ ਦਿੱਤੀ ਜਾਂਦੀ ਰਹੀ ਹੈ। ਸਤਲੁਜ ਵੈਲੀ ਪ੍ਰਾਜੈਕਟ 1920 ਮੁਤਾਬਕ ਬਰਤਾਨਵੀ ਹਕੂਮਤ ਵੱਲੋਂ ਬੀਕਾਨੇਰ ਦੇ ਰਾਜਾ ’ਤੇ ਪਾਣੀ ਬਦਲੇ 6.50 ਰੁਪਏ ਸਾਲਾਨਾ ਪ੍ਰਤੀ ਏਕੜ ‘ਜਲ ਸੈੱਸ’ ਲਾਇਆ ਗਿਆ ਸੀ।

ਨਵੰਬਰ 1927 ਤੋਂ ਹੁਸੈਨੀਵਾਲਾ ਹੈੱਡ ਵਰਕਸ ਤੋਂ ਪਾਣੀ ਦੇਣਾ ਸ਼ੁਰੂ ਕੀਤਾ ਗਿਆ ਸੀ। ਪੰਜਾਬ ਸਰਕਾਰ ਨੇ ਸਾਲ 1960 ਤੋਂ 2025 ਤੱਕ ਦੇ ਰਾਇਲਟੀ ਦਾਅਵੇ ਲਈ ਮੌਜੂਦਾ ਫਾਰਮੂਲੇ ਤਹਿਤ 141.20 ਰੁਪਏ ਸਲਾਨਾ ਪ੍ਰਤੀ ਏਕੜ ਲਾਗਤ ਕੱਢੀ ਹੈ। ਰਾਜਸਥਾਨ ਤੋਂ ਔਸਤਨ 10 ਐੱਮ ਏ ਐੱਫ ਪਾਣੀ ਦੀ ਰਾਇਲਟੀ ਦਾਅਵਾ ਕੀਤਾ ਗਿਆ ਹੈ। 8 ਫ਼ੀਸਦੀ ਵਿਆਜ ਦਰ ਵੀ ਲਾਈ ਗਈ ਹੈ।ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਰਾਜਸਥਾਨ ਸਰਕਾਰ ਵੱਲੋਂ ਆਪਣੇ ਸੂਬੇ ਦੇ ਕਿਸਾਨਾਂ ਤੋਂ ਪ੍ਰਤੀ ਏਕੜ 70 ਰੁਪਏ ਪ੍ਰਤੀ ਫ਼ਸਲ ਜਲ ਚਾਰਜ ਵਸੂਲੇ ਜਾ ਰਹੇ ਹਨ ਜਿਸ ਨਾਲ ਰਾਜਸਥਾਨ ਨੂੰ ਸਾਲਾਨਾ 65.20 ਕਰੋੜ ਰੁਪਏ ਦੀ ਆਮਦਨ ਵੀ ਹੋ ਰਹੀ ਹੈ; ਹਾਲਾਂਕਿ ਰਾਜਸਥਾਨ ਦੇ ਜਲ ਸਰੋਤ ਮੰਤਰੀ ਸੁਰੇਸ਼ ਸਿੰਘ ਰਾਵਤ ਪਹਿਲਾਂ ਹੀ ਆਖ ਚੁੱਕੇ ਹਨ ਕਿ ਪੰਜਾਬ ਸਰਕਾਰ ਨੇ 1920 ਦੇ ਸਮਝੌਤੇ ਨੂੰ ਆਧਾਰ ਬਣਾਇਆ ਹੈ ਜਿਸ ਦਾ ਹੁਣ ਕੋਈ ਕਾਨੂੰਨੀ ਪਹਿਲੂ ਨਹੀਂ ਰਹਿ ਗਿਆ ਤੇ ਬਰਤਾਨਵੀ ਰਾਜ ’ਚ ਬੀਕਾਨੇਰ ਰਿਆਸਤ ਨਾਲ ਹੋਏ ਸਮਝੌਤੇ ਦਾ ਆਜ਼ਾਦੀ ਮਗਰੋਂ ਕੋਈ ਕਾਨੂੰਨੀ ਆਧਾਰ ਨਹੀਂ ਬਚਿਆ।

ਇਸੇ ਤਰ੍ਹਾਂ ਮੁੱਖ ਸਕੱਤਰ ਪੰਜਾਬ ਨੇ ਹਰਿਆਣਾ ਦੇ ਮੁੱਖ ਸਕੱਤਰ ਨੂੰ ਦੋ ਦਿਨ ਪਹਿਲਾਂ ਪੱਤਰ ਲਿਖ ਕੇ ਭਾਖੜਾ ਨਹਿਰ ਦੀ ਸਾਂਭ-ਸੰਭਾਲ ਦੇ 312.59 ਕਰੋੜ ਰੁਪਏ ਦੇ ਬਕਾਏ ਪੰਜਾਬ ਨੂੰ ਤਾਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਜਲ ਸਰੋਤ ਵਿਭਾਗ ਨੇ 16 ਜੂਨ 2026 ਨੂੰ ਵੀ ਪੱਤਰ ਭੇਜਿਆ ਸੀ। ਪੰਜਾਬ ਸਰਕਾਰ ਨੇ ਭਾਖੜਾ ਮੇਨ ਲਾਈਨ ਡਿਵੀਜ਼ਨ ਪਟਿਆਲਾ ਦਾ 281.78 ਕਰੋੜ ਰੁਪਏ ਦਾ ਬਿੱਲ ਤੇ ਮਾਨਸਾ ਡਿਵੀਜ਼ਨ ਦਾ 30.80 ਕਰੋੜ ਰੁਪਏ ਦਾ ਬਿੱਲ ਹਰਿਆਣਾ ਨੂੰ ਭੇਜਿਆ ਹੈ। ਭਾਖੜਾ ਨਹਿਰ ਲਈ 12,455 ਕਿਊਸਿਕ ਪਾਣੀ ਦੀ ਵੰਡ ਹੈ, ਜਿਸ ਵਿੱਚ ਹਰਿਆਣਾ ਦੀ 7841 ਕਿਊਸਿਕ ਪਾਣੀ (63 ਫ਼ੀਸਦੀ) ਹਿੱਸੇਦਾਰੀ ਹੈ ਜਦੋਂ ਕਿ ਪੰਜਾਬ ਦੀ 3108 ਕਿਊਸਿਕ (25 ਫ਼ੀਸਦੀ) ਹਿੱਸੇਦਾਰੀ ਬਣਦੀ ਹੈ। ਇਸੇ ਤਰ੍ਹਾਂ ਰਾਜਸਥਾਨ ਦੀ 7 ਫ਼ੀਸਦੀ, ਦਿੱਲੀ ਦੀ 4 ਫ਼ੀਸਦੀ ਅਤੇ ਚੰਡੀਗੜ੍ਹ ਦੀ 1 ਫ਼ੀਸਦੀ ਹਿੱਸੇਦਾਰੀ ਭਾਖੜਾ ਨਹਿਰ ’ਚੋਂ ਬਣਦੀ ਹੈ। ਭਾਖੜਾ ਨਹਿਰ ਦਾ ਵੱਡਾ ਹਿੱਸਾ ਪੰਜਾਬ ਵਿਚੋਂ ਲੰਘਦਾ ਹੈ ਅਤੇ ਇਸ ਨਹਿਰ ਦੀ ਸਾਂਭ-ਸੰਭਾਲ ਦਾ ਖ਼ਰਚਾ ਪੰਜਾਬ ਸਰਕਾਰ ਕਰਦੀ ਹੈ।

ਭਾਖੜਾ ਨਹਿਰ ਦੀ ਸਾਂਭ-ਸੰਭਾਲ ਦਾ ਕੰਮ ਪੰਜਾਬ ਸਰਕਾਰ ਵੱਲੋਂ ਕੀਤੇ ਜਾਣ ਕਰ ਕੇ ਬਦਲੇ ਵਿੱਚ ਬਾਕੀ ਸੂਬਿਆਂ ਨੇ ਪੰਜਾਬ ਨੂੰ ਬਣਦੇ ਅਨੁਪਾਤ ਵਿੱਚ ਪੈਸਾ ਦੇਣਾ ਹੁੰਦਾ ਹੈ। ਭਾਖੜਾ ਨਹਿਰ ਦੀ ਮੁਰੰਮਤ ਆਦਿ ’ਤੇ ਆਉਣ ਵਾਲਾ ਖ਼ਰਚਾ ਵੀ ਹਰੇਕ ਸੂਬਾ ਆਪੋ-ਆਪਣੇ ਅਨੁਪਾਤ ਮੁਤਾਬਕ ਝੱਲਦਾ ਹੈ। ਵੱਡਾ ਹਿੱਸਾ ਹਰਿਆਣਾ ਨੇ ਦੇਣਾ ਹੁੰਦਾ ਹੈ ਕਿਉਂਕਿ 63 ਫ਼ੀਸਦੀ ਪਾਣੀ ਹਰਿਆਣਾ ਨੂੰ ਭਾਖੜਾ ਨਹਿਰ ’ਚੋਂ ਜਾਂਦਾ ਹੈ। ਹਰਿਆਣਾ ਨੇ ਸਾਲ 2016-17 ਤੋਂ ਤਨਖ਼ਾਹਾਂ ਅਤੇ ਦਫਤਰੀ ਕੰਮਾਂ ਬਦਲੇ ਕੋਈ ਵੀ ਪੈਸਾ ਪੰਜਾਬ ਨੂੰ ਦੇਣਾ ਬੰਦ ਕਰ ਦਿੱਤਾ ਸੀ।

# ਜਦੋਂ ਤੁਹਾਡੇ ਰਾਹ ਦਰਸਾਵੇ ਰਾਹ ਵਿੱਚ ਹੀ ਦੁਬਾਰਾ ਮਿਲ ਪੈਣ !

ਟਰੰਪ ਦੀ ਟੋਪੀ ਨਾਲ ਖਹਿੰਦੀ ਲੱਗਦੀ ਚਿੱਟੀ ਪੱਗ ਵਾਲੇ ਸਰਦਾਰ ਸਾਹਿਬ ਦੀ ਮੁੱਛ ਅਤੇ ਉਹਨਾਂ ਦੇ ਨਾਲ ਹੀ ਪੰਜਾਬੀ ਅਖ਼ਬਾਰ ਦੇ ਦਫ਼ਤਰ ਵਿੱਚ ਅਖ਼ਬਾਰ ਨੂੰ ਮਿਲੇ ਸਨਮਾਨਾਂ ਦੀ ਛਾਂ ਹੇਠ ਦਫ਼ਤਰ ਦੀ ਮੁੱਖ ਕੁਰਸੀ ਉੱਪਰ ਬਿਰਾਜਮਾਨ ਜ਼ਿੰਦਗੀ ਦੇ ਅਖੀਰਲੇ ਪੜ੍ਹਾਅ ਵਿੱਚ ਚੜ੍ਹਦੇ ਸੂਰਜ ਦੀ ਲਾਲੀ ਵਰਗੇ ਮੁੱਖੜੇ ਵਾਲੇ ਦੋ ਸਰਦਾਰਾਂ ਅੱਗੇ ਪੰਜਾਬੀ ਅਖ਼ਬਾਰ ਦਾ ਮੁੱਖ ਸੰਪਾਦਕ ਹਰਬੰਸ ਬੁੱਟਰ ਆਪ ਹੀ ਆਪਣੀ ਫ਼ੋਟੋ ਖਿੱਚ ਰਿਹਾ ਹੈ।



ਆਓ ਫਿਰ ਤੁਹਾਨੂੰ ਇਸ ਫ਼ੋਟੋ ਦੀ ਜਾਣਕਾਰੀ ਬਾਰੇ ਦੱਸੀਏ ਕਿ ਇਹ ਦੋ ਸਰਦਾਰ ਬੰਦੇ ਅੱਜ ਪੰਜਾਬੀ ਅਖ਼ਬਾਰ ਦੇ ਸਟੂਡੀਓ ਵਿਖੇ ਆਏ ਅਤੇ ਆ ਕੇ ਕਹਿੰਦੇ ਕਿ ਓਹਨਾ ਦੀ ਪੱਕੀ ਫ਼ਸਲ ਵੇਖ ਕੇ ਉਹਨਾਂ ਨੂੰ ਮਾਣ ਮਹਿਸੂਸ ਹੁੰਦਾ ਹੈ ਇਸ ਲਈ ਉਹ ਤਾਂ ਅੱਜ ਪੱਕੀ ਫਸਲ ਵੱਲ ਗੇੜਾ ਜਿਹਾ ਹੀ ਮਾਰਨ ਆਏ ਹਨ!

ਛਾਪਾ ਤਾਂ ਅੱਜ ਪੰਜਾਬੀ ਅਖ਼ਬਾਰ ਦੇ ਦਫ਼ਤਰ ਵਿੱਚ ਏਸ ਤਰਾਂ ਵੱਜਿਆ ਕਿ ਸਰਦਾਰ ਹਰਨੇਕ ਸਿੰਘ ਜੋ ਮੇਰੇ ਸਕੂਲ ਸਮੇਂ ਮੈਥ ਟੀਚਰ ਤੋ ਇਲਾਵਾ ਮੇਰੇ ਮਾਰਗ ਦਰਸ਼ਕ ਵੀ ਸਨ ਅਤੇ ਹਨ , ਦੀ ਫ਼ੋਨ ਕਾਲ ਆਈ ਕਿ ਕਾਕਾ ਜੀ ਅਸੀਂ ਤੁਹਾਡੇ ਦਫ਼ਤਰ ਆ ਰਹੇ ਹਾਂ । ਮੈਂ ਸਮਝ ਗਿਆ ਸੀ ਕਿ ਅਸੀਂ ਸ਼ਬਦ ਤੋਂ ਭਾਵ ਓਹਨਾ ਦੇ ਨਾਲ ਕੋਈ ਹੋਰ ਵੀ ਹੈ । ਪਰ ਜਦੋਂ ਉਹ ਦਫ਼ਤਰ ਆਏ ਤਾਂ ਮੇਰੇ ਸਤਿਕਾਰਯੋਗ ਮੇਰੇ ਸਕੂਲ ਸਮੇਂ ਦੇ ਅਧਿਆਪਕ ਹੀ ਨਹੀਂ ਸਗੋਂ ਹਰਬੰਸ ਸਿੰਘ ਨੂੰ ਹਰਬੰਸ ਬੁੱਟਰ ਮੁੱਖ ਸੰਪਾਦਕ ਬਣਾਉਣ ਵਾਲੇ ਓਸ ਸਮੇਂ ਮੇਰੇ ਸਕੂਲ ਦੇ ਮੁੱਖ ਅਧਿਆਪਕ ਸਰਦਾਰ ਗੋਬਿੰਦ ਸਿੰਘ ਵੀ ਨਾਲ ਸਨ ।

ਦਫ਼ਤਰ ਵਿੱਚ ਦਾਖ਼ਿਲ ਹੁੰਦਿਆਂ ਜਿਓ ਹੀ ਉਹ ਕਾਊਂਟਰ ਦੇ ਸਾਹਮਣੇ ਵਾਲੀਆਂ ਕੁਰਸੀਆਂ ਉੱਪਰ ਬੈਠਣ ਲੱਗੇ ਤਾਂ ਮੈਂ ਸਰਦਾਰ ਗੋਬਿੰਦ ਸਿੰਘ ਜੀ ਨੂੰ ਆਪਣੀ ਘੁੰਮਣ ਵਾਲੀ ਕੁਰਸੀ ਉੱਪਰ ਬੈਠਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨਾਂਹ ਵਿੱਚ ਜੁਆਬ ਦੇ ਦਿੱਤਾ ਕਿ ਕਾਕਾ ਜੀ ਇਹ ਕੁਰਸੀ ਤੁਹਾਡੀ ਹੈ ਤੁਸੀਂ ਬੈਠੋ !

ਫਿਰ ਮੈਂ ਉਹਨਾਂ ਨੂੰ ਸਕੂਲ ਸਮੇਂ ਦੀ ਗੱਲ ਸੁਣਾਈ ਕਿ ਜਦੋਂ ਤੁਸੀਂ ਸਕੂਲ ਵਿੱਚ ਮੁੱਖ ਅਧਿਆਪਕ ਹੁੰਦੇ ਸੀ ਤਾਂ ਤੁਹਾਡੀ ਉਹ ਘੁੰਮਣ ਵਾਲੀ ਕੁਰਸੀ ਦੇਖ ਕੇ ਸਾਡੇ ਮਨ ਵਿੱਚ ਓਸ ਕੁਰਸੀ ਉੱਪਰ ਬੈਠਣ ਦੀ ਸੋਚ ਪੈਦਾ ਹੋਈ ਸੀ ਜੋ ਅੱਜ ਅਸੀਂ ਮਾਣ ਰਹੇ ਹਾਂ ਸੋ ਅੱਜ ਇਸ ਕੁਰਸੀ ਉੱਤੇ ਬੈਠਣ ਦਾ ਹੱਕ ਤੁਹਾਡਾ ਹੀ ਹੈ । ਓਹਨਾ ਨੇ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਦਿਆਂ ਕੁਰਸੀ ਉੱਪਰ ਬੈਠਣ ਦੀ ਹਾਂ ਕਰ ਦਿੱਤੀ । ਕਈ ਘੰਟੇ ਜ਼ਿੰਦਗੀ ਦੇ ਸਫ਼ਰ ਦੀਆਂ ਗੱਲਾਂ ਹੁੰਦੀਆਂ ਰਹੀਆਂ ।

**ਇੱਕ ਮਜ਼ਾਕ ਦੀ ਗੱਲ!!!**

ਮਾਸਟਰ ਜੀ ਕਹਿੰਦੇ ਕੰਮ ਕਾਰ ਦਾ ਕੀ ਹਾਲ ਚਾਲ ਹੈ ਤਾਂ ਮੈਂ ਸੁਭਾਵਿਕ ਹੀ ਕਹਿ ਦਿੱਤਾ ਕਿ ਹੁਣ ਤਾਂ ਰਿਟਾਇਰਮੈਂਟ ਲੈਣ ਦਾ ਮਨ ਹੈ, ਤਾਂ ਕੈਲਗਰੀ ਰਹਿੰਦੇ ਚਿੱਟੀ ਪੱਗ ਵਾਲੇ ਕੈਨੇਡਾ ਪੋਸਟ ਦੀ ਜੌਬ ਕਰਦੇ ਮਾਸਟਰ ਜੀ ਸਰਦਾਰ ਹਰਨੇਕ ਸਿੰਘ ਬੋਲ ਪਏ ਕਿ ਹਾਲੇ ਤੱਕ ਮੈਂ ਜੌਬ ਕਰਦਾ ਆ ਤੁਸੀਂ ਕਿਵੇਂ ਸੋਚ ਲਿਆ ? ਸੋ ਹੁਣ ਭਲਾਂ ਆਪਣੇ ਮਾਸਟਰ ਜੀ ਦਾ ਆਖਿਆ ਕੌਣ ਟਾਲ ਸਕਦਾ ਹੈ!! ਰਿਟਾਇਰਮੈਂਟ ਵਾਲਾ ਇਰਾਦਾ ਹੁਣ ਕੈਂਸਲ ਹੀ ਸਮਝੋ। ਸੋ ਅੱਜ ਫਿਰ ਦੁਬਾਰਾ ਸਕੂਲ ਦੀ ਕਲਾਸ ਵਿੱਚ ਬੈਠਣ ਦਾ ਅਹਿਸਾਸ ਮਹਿਸੂਸ ਹੋਇਆ ! ਭਾਵੇਂ ਅੱਜ ਸਮੇਂ ਦੀ ਤਾਰੀਖ਼ 10 ਅਗਸਤ 2026 ਸੀ ਪਰ ਮੈਨੂੰ ਇਸ ਤਰਾਂ ਮਹਿਸੂਸ ਹੋ ਰਿਹਾ ਸੀ ਕਿ ਇਹ ਤਾਂ ਸਾਲ 1978-1981 ਦਾ ਸਮਾਂ ਹੈ। ਬੱਸ ਫ਼ਰਕ ਇਹੀ ਸੀ ਕਿ ਸਾਨੂੰ ਚੰਗੇ ਇਨਸਾਨ ਬਣਾਉਣ ਲਈ ਓਹਨਾ ਦੀਆਂ ਮਿਹਨਤਾਂ ਨੂੰ ਬੂਰ ਪਿਆ ਦੇਖ ਉਹ ਮਾਣ ਮਹਿਸੂਸ ਕਰ ਰਹੇ ਸਨ।

**ਆਖ਼ਿਰੀ ਗੱਲ!**

ਅਸਲ ਵਿੱਚ ਤੁਹਾਡੇ ਸਕੂਲ ਅਧਿਆਪਕ ਹੀ ਤੁਹਾਡੇ ਮਾਪੇ ਹੁੰਦੇ ਹਨ ਜੋ ਤੁਹਾਨੂੰ ਤੁਹਾਡੀ ਜ਼ਿੰਦਗੀ ਜਿਓਣ ਦੀ ਪ੍ਰੇਰਨਾ ਦਿੰਦੇ ਹਨ ਕਿਉਂਕਿ ਘਰ ਨਾਲੋਂ ਜਿਆਦਾ ਸਮਾਂ ਤਾਂ ਅਸੀਂ ਸਕੂਲ ਅਧਿਆਪਕਾਂ ਨਾਲ ਹੀ ਗੁਜ਼ਾਰਦੇ ਹੁੰਦੇ ਸੀ।

ਹਰਬੰਸ ਬੁੱਟਰ
ਮੁੱਖ ਸੰਪਾਦਕ
ਪੰਜਾਬੀ ਅਖ਼ਬਾਰ
ਕੈਨੇਡਾ




